ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ੴ

ਲੜੀ/ਅੰਕ ਨੰ: 15/02 ਫਰਵਰੀ 2015 – ਨਾਨਕਸ਼ਾਹੀ ਮਾਘ-ਫੱਗਣ ੫੪੭

## ਇਤਿਹਾਸਿਕ ਦਿਹਾੜੇ

**ਜਨਵਰੀ ਅਤੇ ਫਰਵਰੀ 2015**

| | |
|---|---|
| ਜਨਮ ਦਿਹਾੜਾ ਭਗਤ ਰਵਿਦਾਸ ਜੀ | 3 ਫਰਵਰੀ |
| ਵੱਡਾ ਘੱਲੂਘਾਰਾ (ਕੁੱਪ- ਰੋਹੀੜਾ) | 8 ਫਰਵਰੀ |
| ਜਨਮ ਸਾਹਿਬਜ਼ਾਦਾ ਅਜੀਤ ਸਿੰਘ ਜੀ | 11 ਫਰਵਰੀ |
| ਸਾਕਾ ਨਨਕਾਣਾ ਸਾਹਿਬ | 21 ਫਰਵਰੀ |
| ਜੈਤੋ ਦਾ ਮੋਰਚਾ | 21 ਫਰਵਰੀ |
| ਗੁਰ ਗੱਦੀ ਸ੍ਰੀ ਗੁਰੂ ਹਰਿ ਰਾਇ ਜੀ | 14 ਮਾਰਚ |
| ਜੋਤੀ ਜੋਤ ਸ੍ਰੀ ਗੁਰੂ ਹਰਿ ਗੋਬਿੰਦ ਜੀ | 19 ਮਾਰਚ |

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

**ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥**
**ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥**



ਪਉੜੀ ॥

ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥
ਜੋ ਵਾਹਿਗੁਰੂ ਜੀ ਦੇ ਪੱਲੇ ਨਾਲ ਜੁੜੇ ਹਨ,ਉਹ ਜੰਮਦੇ ਤੇ ਮਰਦੇ ਨਹੀਂ ।

ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥
ਜੋ ਵਾਹਿਗੁਰੂ ਦੇ ਜੱਸ ਅੰਦਰ ਜਾਗਦੇ ਹਨ ,
ਉਹ ਜੀਊਦੇ ਹੀ ਕਬੂਲ ਪੈ ਜਾਂਦੇ ਹਨ ।

ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥
ਭਾਰੇ ਨਸੀਬਾਂ ਵਾਲੇ ਹਨ ਉਹ ਜਿਨ੍ਹਾਂ ਨੂੰ ਸਤਿ ਸੰਗਤ ਪ੍ਰਾਪਤ ਹੋਈ ਹੈ ।

ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥
ਲਾਨ੍ਹਤ ਹੈ ਉਸ ਜਿੰਦਗੀ ਨੂੰ ਜੋ ਨਾਮ ਨੂੰ ਭੁਲਾਉਂਦੀ ਹੈ ।
ਇਹ ਕਚੇ ਧਾਗੇ ਦੀ ਤਰ੍ਹਾਂ ਟੁਟ ਜਾਂਦੀ ਹੈ ।

ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ॥੧੯॥ (ਅੰਗ ੩੨੨)
ਨਾਨਕ ਪਰਾਗ ਰਾਜ ਦੇ ਲੱਖਾਂ ਅਤੇ ਕਰੋੜਾਂ ਇਸ਼ਨਾਨਾਂ ਨਾਲੋਂ ਸੰਤਾਂ
ਦੇ ਪੈਰਾ ਦੀ ਖ਼ਾਕ ਵਧੇਰੇ ਪਵਿੱਤ੍ਰ ਹੈ।

**ਸਿੱਖ ਕੌਮ ਦੀ ਮਹਾਨ ਸ਼ਖਸ਼ੀਅਤ ਭਾਈ ਸਾਹਿਬ ਭਾਈ ਜੀਵਣ ਸਿੰਘ ਜੀ ਜਿਨਾ ਨੇ ਆਪਣਾ ਸਾਰਾ ਜੀਵਨ ਮਨੁਖਤਾ ਦੀ ਗੁਰਬਾਣੀ ਕੀਰਤਨ ਰਾਹੀ ਸੇਵਾ ਵਿੱਚ ਬਿਤਾਇਆ ਅਤੇ ਅਨੇਕਾ ਪ੍ਰਾਣੀਆਂ ਨੂੰ ਦੇਸ਼ ਵਿਦੇਸ਼ ਵਿੱਚ ਗੁਰਬਾਣੀ ਕੀਰਤਨ ਨਾਲ ਜੋੜਿਆਂ ।ਭਾਈ ਸਾਹਿਬ ਜੀ ਦੀਆਂ ਲੋੜਵੰਦਾ ਦੀ ਸਹਾਇਤਾ ਲਈ ਹਰ ਸਮੇਂ ਤਤਪਰ ਰਹਿਣਾ ਅਤੇ ਗਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਚਾਰ /ਪ੍ਰਸਾਰ ਲਈ ਦੇਸ ਵਿਦੇਸ਼ ਵਿੱਚ ਅਨੇਕਾ ਯਤਨ ਲਈ ਪੰਥ ਵਿੱਚ ਹਮੇਸ਼ਾ ਉਹਨਾਂ ਦੀ ਯਾਦ ਬਣੀ ਰਹੇਗੀ ।**

**ਪਿਛਲੇ ਦਿਨੀ ਮਿਤੀ 07-01-2015 ਨੂੰ ਉਹ ਆਪਣਾ ਪੰਜ ਭੂਤਕ ਸਰੀਰ ਤਿਆਗ ਕੇ ਗੁਰੂ ਚਰਨਾ ਵਿੱਚ ਲੀਨ ਹੋ ਗਏ ।ਉਹਨਾਂ ਦੀਆਂ ਸੇਵਾਵਾਂ ਨੂੰ ਯਾਦ ਕਰਦੇ ਹੋਏ ਅਤੇ ਉਹਨਾਂ ਨੂੰ ਗੁਰਬਾਣੀ ਰਾਹੀ ਅਸੀਸਾ ਦੇਣ ਲਈ**

## ਅਖੰਡ ਕੀਰਤਨ ਸਮਾਗਮ

ਸਥਾਨ – ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਸੈਕਟਰ 34, ਚੰਡੀਗੜ
ਮਿਤੀ – 22-02-2015 (ਐਤਵਾਰ )
ਸਮਾਂ – ਅੰਮ੍ਰਿਤ ਵੇਲੇ 8.00 ਵਜੇ ਤੋਂ ਦੁਪਿਹਰ 2.00 ਵਜੇ ਤੱਕ
ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।ਸਮੂਹ ਸੰਗਤਾਂ ਨੂੰ ਪੁਜਣ ਲਈ ਸਨਿਮਰ ਬੇਨਤੀ ਹੈ ।

ਦਾਸਰਾ
ਨਰਿੰਦਰ ਬੀਰ ਸਿੰਘ

ੴ ਵਾਹਿਗੁਰੂ ਜੀ ਕੀ ਫਤਹਿ

# ਸਾਲਾਨਾ ਜਨਰਲ ਇਕੱਤ੍ਰਤਾ

## ਐਤਵਾਰ ਮਿਤੀ 1-03-2015

ਗੁਰਮਖਿ ਪਿਆਰੇ ਵੀਰ ਜੀਓ / ਭੈਣ ਜੀਓ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਤਿਹ ॥

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦੀ ਸਾਲਾਨਾ ਜਨਰਲ ਇਕੱਤ੍ਰਤਾ, ਐਤਵਾਰ ਮਿਤੀ 1-03-2015 ਨੂੰ ਸਵੇਰੇ 10.30 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਹੋਣੀ ਨੀਯਤ ਹੋਈ ਹੈ ।

ਸਮੂਹ ਮੈਂਬਰਾਂ ਨੂੰ ਸਮੇਂ ਸਿਰ ਪੁੱਜਣ ਲਈ ਬੇਨਤੀ ਹੈ :-

ਇਕੱਤ੍ਰਤਾ ਦਾ ਏਜੰਡਾ ਹੇਠ ਲਿਖੇ ਅਨੁਸਾਰ ਹੋਵੇਗਾ :-

(1) ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਅਤੇ ਗੁਰਮਤਿ ਪ੍ਰਸਾਰ ਸਰਵਿਸ ਟ੍ਰਸਟ ਦੀਆਂ ਗਤੀਵਿਧੀਆਂ ਦੀ ਸਾਲਾਨਾ ਰਿਪੋਰਟ ਦਾ ਵੇਰਵਾ ਅਤੇ ਉਸਦੀ ਪ੍ਰਵਾਨਗੀ ।

(2) ਸੋਸਾਇਟੀ ਅਤੇ ਟ੍ਰਸਟ ਦੇ ਸਾਲ 2014-2015 (ਜਨਵਰੀ 2015) ਤੱਕ ਦੇ ਆਮਦਨ ਖਰਚ ਦੇ ਹਿਸਾਬ ਕਿਤਾਬ ਦਾ ਵੇਰਵਾ ਅਤੇ ਉਸਦੀ ਪ੍ਰਵਾਨਗੀ ।

(3) ਸਾਲ 2013-2014 ਦੀ ਆਡਿਟਿਡ ਰਿਪੋਰਟ ਸੂਚਨਾ ਲਈ ਪੇਸ਼ਕਾਰੀ ।

(4) ਸਾਲ 2015-2016 ਵਿਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦੀ ਯੋਜਨਾ ਦੀ ਪ੍ਰਵਾਨਗੀ ।

(5) ਸਾਲ 2015-2016 ਵਿਚ ਹੋਣ ਵਾਲੇ ਖਰਚਿਆਂ ਦੇ ਬਜਟ ਦੀ ਪ੍ਰਵਾਨਗੀ ।

(6) ਗੁਰਮਤਿ ਪ੍ਰਸਾਰ ਸਰਵਿਸ ਟਰੱਸਟ ਦੀ ਟਰੱਸਟ ਡੀਡ ਵਿੱਚ ਤਬਦੀਲੀਆਂ ਸੰਬੰਧੀ ਵਿਚਾਰ ਅਤੇ ਪ੍ਰਵਾਨਗੀ।

(7) ਮੈਂਬਰ ਸਾਹਿਬਾਨ ਦੁਆਰਾ ਸੋਸਾਇਟੀ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਲਈ ਸੁਝਾਓ ।

ਇਹ ਸਾਲਾਨਾ ਜਨਰਲ ਇਕੱਤ੍ਰਤਾ ਹਰ ਸਾਲ ਦੀ ਤਰ੍ਹਾਂ ਪ੍ਰਵਾਰਾਂ ਦੀ ਪ੍ਰੀਤ ਮਿਲਣੀ ਦੇ ਰੂਪ ਵਿਚ ਹੋਵੇਗੀ। ਪ੍ਰਵਾਰਾਂ ਸਮੇਤ ਸਮੇਂ ਸਿਰ ਹਾਜ਼ਰੀਆਂ ਭਰਨ ਦੀ ਖੇਚਲ ਕਰਨੀ ਜੀ ।

**ਆਪ ਜੀ ਦਾ ਵੀਰ**

**ਪ੍ਰਿੰਸੀਪਲ ਨਰਿੰਦਰ ਬੀਰ ਸਿੰਘ, ਜਨਰਲ ਸਕੱਤਰ**

**ਲੰਗਰ ਦੀ ਸੇਵਾ :-**

ਇਕੱਤ੍ਰਤਾ ਲਈ ਲੰਗਰ ਹਰ ਸਾਲ ਦੀ ਤਰ੍ਹਾਂ ਘਰਾਂ ਤੋਂ ਬਣ ਕੇ ਆਵੇਗਾ । ਜਿਸ ਲਈ ਦਸ - ਦਸ ਪ੍ਰਵਾਰ ਕੋਈ ਇਕ ਆਈਟਮ ਅਤੇ 15 ਸਾਦੇ ਪਰਾਂਠੇ ਬਣਾ ਕੇ ਲਿਆਉਣ ਦੀ ਸੇਵਾ ਕਰਨ ।

(1) ਸਾਬਤ ਮੂੰਗੀ 1 ਕਿਲੋ (800 ਗ੍ਰਾਮ ਮੂੰਗੀ / 200 ਗ੍ਰਾਮ ਚਨੇ ਦੀ ਦਾਲ)

(2) ਪਨੀਰ ਇਕ ਕਿਲੋ (ਰੱਸ ਭਿੰਨਾ)

(3) ਮਿਕਸਡ ਵੈਜੀਟੇਬਲ 2 ਕਿਲੋ

(4) ਖੀਰ 3 ਕਿਲੋ ਦੁੱਧ ਦੀ

(5) 20 ਪ੍ਰਵਾਰ ਸਿਰਫ ਪਰਾਂਠੇ ਲਿਆਉਣ ਦੀ ਸੇਵਾ ਕਰਨ ।

ਆਪ ਜੀ ਜਿਸ ਆਈਟਮ ਦੀ ਵੀ ਸੇਵਾ ਕਰਨਾ ਚਾਹੋ, ਕ੍ਰਿਪਾ ਕਰਕੇ 29-02-2015 ਸ਼ਾਮ ਤੱਕ ਭਾਈ ਹਰਵੀਰ ਸਿੰਘ (ਫੋਨ: 9417190438) ਜਾਂ ਜਨਰਲ ਸਕਤ੍ਰ (ਫੋਨ: 98761-77803) ਤੇ ਜ਼ਰੂਰ ਇਤਲਾਹ ਦੇ ਦਿਓ ਜੀ।

# ਪੰਜ ਫਰਵਰੀ ਦੀ ਯਾਦ

ਪ੍ਰਿੰ.ਸਤਬੀਰ ਸਿੰਘ

ਸਿੱਖ ਇਤਿਹਾਸ ਬਹੁਤ ਕਰ ਕੇ ਸ਼ਹੀਦਾਂ ਦਾ ਇਤਿਹਾਸ ਹੈ। ਇਸ ਇਤਿਹਾਸ ਨੇ ਹਰ ਪ੍ਰਕਾਰ ਦੇ ਸ਼ਹੀਦ ਪੈਦਾ ਕੀਤੇ ਹਨ। ਉਮਰ ਵਿਚ ਸਭ ਤੋਂ ਛੋਟਾ ਸ਼ਹੀਦ ਬਾਬਾ ਫਤਿਹ ਸਿੰਘ ਜੀ ਇਸ ਕੌਮ ਕੋਲ ਹੈ ਅਤੇ ਸਭ ਤੋਂ ਵਡੇਰੀ ਉਮਰ ਦਾ ਸ਼ਹੀਦ ਬਾਬਾ ਦੀਪ ਸਿੰਘ ਜੀ ਵੀ ਇਸ ਦੇ ਇਤਿਹਾਸ ਦਾ ਚਮਕਦਾ ਸਿਤਾਰਾ ਹੈ। ਉਸ ਵੇਲੇ ਸ਼ਹੀਦ ਕਰਨ ਦੇ ਕੁਲ ਅਠਾਰਾਂ ਤਰੀਕੇ ਸਨ। ਉਹ ਸਾਰੇ ਤਰੀਕੇ ਸਾਡੇ ਉਤੇ ਵਰਤੇ ਗਏ। ਉਨ੍ਹਾਂ ਢੰਗਾਂ ਵਿਚੋਂ ਕੁਝ ਉਘੇ ਇਹ ਹਨ:

1. ਦੇਗਾਂ ਵਿਚ ਉਬਲਣਾ, 2) ਤੱਤੀਆਂ ਤਵੀਆਂ ਉਤੇ ਬਿਠਾਉਣਾ, 3) ਸੰਨ੍ਹੀਆਂ ਨਾਲ ਮਾਸ ਨੋਚਣਾ, 4) ਬੰਦ ਬੰਦ ਕੱਟਣੇ 5) ਖੋਪਰ ਉਤਾਰਨੇ, 6) ਸਿਰ ਕਲਮ ਕਰ ਦੇਣਾ ਤੇ 7) ਚਰਖੜੀਆਂ ਉਤੇ ਚਾੜ੍ਹਨੇ ਆਦਿ।

ਇਹ ਸਾਰੇ ਤਰੀਕੇ 1716 ਤੋਂ ਲੈ ਕੇ 1763 ਤਕ ਵਰਤੇ ਗਏ। ਇਸ ਤਰ੍ਹਾਂ ਦੀਆਂ ਸਿੱਖ ਇਤਿਹਾਸ ਵਿਚ ਹੈਰਾਨ ਕਰਨ ਵਾਲੀਆਂ ਬੇਅੰਤ ਘਟਨਾਵਾਂ ਹਨ। ਸਿੱਖ ਇਤਿਹਾਸ ਵਿਚ ਉਹ ਦਿਨ ਵੀ ਹਨ ਜਦ ਪੰਜ ਪੰਜ ਸਿੱਖ ਦਸ ਲੱਖ ਨਾਲ ਲੜਦੇ ਸ਼ਹੀਦ ਹੋਏ। 22 ਦਸੰਬਰ, 1704 ਨੂੰ ਹੋਈ ਚਮਕੌਰ ਦੀ ਜੰਗ ਇਸ ਗੱਲ ਦੀ ਗਵਾਹੀ ਭਰਦੀ ਹੈ।

ਇਸ ਦੇ ਉਲਟ ਉਹ ਵੀ ਦਿਨ ਆਏ ਜਦ ਹਜ਼ਾਰਾਂ ਦੀ ਗਿਣਤੀ ਵਿਚ ਇਕ ਹੀ ਦਿਨ ਸਿੱਖ ਸ਼ਹੀਦ ਕੀਤੇ ਗਏ। 5 ਫਰਵਰੀ, 1762 ਨੂੰ ਇਕ ਐਸੀ ਹੀ ਘਟਨਾ ਹੋਈ ਹੈ, ਜਿਸ ਦਿਨ ਕਈ ਅੰਦਾਜ਼ਿਆਂ ਅਨੁਸਾਰ ਤੀਹ ਹਜ਼ਾਰ ਸਿੱਖ ਸ਼ਹੀਦ ਕੀਤੇ ਗਏ। ਉਸ ਦਿਨ ਨੂੰ ਅਸੀਂ ਵੱਡੇ ਘੱਲੂ ਘਾਰੇ ਦੇ ਨਾਮ ਨਾਲ ਯਾਦ ਕਰਦੇ ਹਾਂ।

ਨਾਦਰ ਨੇ 1739 ਨੂੰ ਦਿੱਲੀ ਦੀ ਸਦੀਆਂ ਤੋਂ ਅਸਥਾਪਤ ਹੋਈ ਪਰ ਖੋਖਲੀ ਹਕੂਮਤ ਨੂੰ ਐਸੀ ਸੱਟ ਮਾਰੀ ਕਿ ਉਹ ਮੁੜ ਆਪਣੇ ਪੈਰਾਂ ਉਤੇ ਖੜੀ ਨਾ ਹੋ ਸਕੀ। ਤਿੰਨ ਤਾਕਤਾਂ ਪੰਜਾਬ ਵਿਚ ਆਪਣੇ ਅਧਿਕਾਰਾਂ ਲਈ ਲੜ ਰਹੀਆਂ ਸਨ। ਮੁਗਲ ਆਪਣੇ ਖੁਸ ਚੁੱਕੇ ਰੁਹਬ ਨੂੰ ਕਾਇਮ ਕਰਨਾ ਚਾਹੁੰਦੇ ਸਨ। ਅਫਗਾਨ ਪੰਜਾਬ ਨੂੰ ਆਪਣੇ ਘਰ ਕਾਬਲ ਨਾਲ ਮਿਲਾਉਣਾ ਚਾਹੁੰਦੇ ਸਨ। ਸਿੱਖ ਪੰਜਾਬ ਨੂੰ ਕਿਸੇ ਕੀਮਤ ਉਤੇ ਗੈਰਾਂ ਦੇ ਹਵਾਲੇ ਨਹੀਂ ਸਨ ਦੇਖਣਾ ਚਾਹੁੰਦੇ। ਇਹ ਤਿਕੋਨੀ ਜੰਗ ਨਾਦਰ ਦੇ ਹਮਲੇ ਨਾਲ ਤੇਜ਼ ਹੋ ਗਈ।

ਨਾਦਰ ਸ਼ਾਹ ਦੇ ਵਾਪਸ ਮੁੜ ਜਾਣ ਉਪਰੰਤ ਸਿੱਖਾਂ ਉਤੇ ਹੋਰ ਸਖਤੀ ਦਾ ਦੌਰ ਸ਼ੁਰੂ ਹੋਇਆ। ਪਰ ਜਿਉਂ ਜਿਉਂ ਸਿੱਖ ਦਬਾਏ ਜਾਂਦੇ ਉਹ ਤਾਕਤ ਪਕੜਦੇ। ਖਾਸ ਫੌਜਾਂ ਨੂੰ ਖਾਸ ਅਧਿਕਾਰ ਦੇ ਕੇ ਦਿਨ ਰਾਤ ਸਿੱਖਾਂ ਦਾ ਅਮਲੀ ਤੌਰ ਉਤੇ ਸ਼ਿਕਾਰ ਖੇਡਿਆ। ਸਿੱਖਾਂ ਦੇ ਸਿਰਾਂ ਦੇ ਮੁੱਲ ਵੀ ਪਾਏ ਗਏ। ਮੁੱਲ ਘੱਟਦਾ ਵੱਧਦਾ ਵੀ ਰਿਹਾ। ਮੁੱਲ ਵੱਧ ਕੇ 80 ਰੁਪਏ ਤਕ ਵੀ ਗਿਆ। ਪਰ ਨਹੀਂ ਜਾਣਦੇ ਦੋਖੀ ਕਿ

ਜਿਮ ਕਾਟੈ ਤੇ ਫਲੇ ਗੁਲਾਬ। ਤਿਮ ਸਿਖ ਵਾਧੇ ਪਾਏ ਅਜ਼ਾਬ।

ਛੋਟੇ ਘੱਲੂਘਾਰੇ ਵਿਚ ਦਸ ਹਜ਼ਾਰ ਸਿੰਘ ਸ਼ਹੀਦ ਹੋਏ ਪਰ ਦੁਨੀਆਂ ਨੇ ਵੇਖਿਆ ਕਿ ਵੈਸਾਖੀ ਵਾਲੇ ਦਿਨ 1748 ਨੂੰ ਸਿੰਘਾਂ ਨੇ ਗੁਰਮਤਾ ਕੀਤਾ ਕਿ ਹਰ ਬਾਹਰੋਂ ਹਮਲਾ ਕਰਨ ਵਾਲੇ ਦਾ ਡੱਟ ਕੇ ਮੁਕਾਬਲਾ ਕੀਤਾ ਜਾਏਗਾ। ਪੰਜਾਬ ਸਿੰਘਾਂ ਦਾ ਹੈ, ਉਹ ਹੀ ਇਸ ਦੇ ਸਰਦਾਰ ਹਨ। ਸਿੱਖਾਂ ਨੂੰ ਸਰੋਤ ਪੈ ਗਈ ਸੀ ਕਿ ਅਹਿਮਦ ਸ਼ਾਹ ਅਬਦਾਲੀ ਪੰਜਾਬ ਉਤੇ ਹਮਲਾ ਕਰਨ ਦੀ ਸੋਚ ਰਿਹਾ ਹੈ।

ਅਹਿਮਦ ਸ਼ਾਹ ਅਫਗਾਨਾਂ ਦੇ ਇਕ ਕਬੀਲੇ ਸਦਜ਼ਈ ਨਾਲ ਸੰਬੰਧ ਰੱਖਦਾ ਸੀ। ਉਸ ਕਬੀਲੇ ਦੇ ਲੋਕਾਂ ਨੂੰ 'ਅਬਦ ਅਲੀ' ਕਹਿੰਦੇ ਸਨ, ਜਿਸ ਦਾ ਭਾਵ ਸੀ ਕਿ ਉਹ ਅਲੀ ਦੇ ਖਾਦਮ ਹਨ। ਉਹ ਹੌਲੀ ਹੌਲੀ ਅਬਦਾਲੀ ਕਹਿਲਾਣ ਲੱਗ ਪਏ। ਉਹ ਖਿਆਲਾਂ ਦੇ ਸੁਨੀ ਤੇ ਕਟਰ ਧਰਮੀ ਸਨ।

ਨਾਦਰ ਸ਼ਾਹ ਦੇ ਵਿਰੁਧ ਅਫਗਾਨਾਂ ਨੇ ਬਗਾਵਤ ਕੀਤੀ। ਅਫਗਾਨਾਂ ਨੂੰ ਸਖਤ ਹਾਰ ਹੋਈ ਅਤੇ ਉਨ੍ਹਾਂ ਨੂੰ ਸਖਤ ਸਜ਼ਾ ਵੀ ਦਿਤੀ ਗਈ। ਬਹੁਤ ਅਫਗਾਨ ਉਸ ਨੇ ਕੈਦੀ ਬਣਾਏ। ਕੈਦ ਕੀਤੇ ਜਾਣ ਵਾਲਿਆਂ ਵਿਚ ਦੋ ਭਰਾ ਜ਼ੁਲਫੀਕਾਰ ਤੇ ਅਹਿਮਦ ਵੀ ਸਨ। ਜ਼ੁਲਫੀਕਾਰ ਤਾਂ ਗਲਜ਼ਈਆਂ ਨਾਲ ਲੜਦਿਆ ਮਾਰਿਆ ਗਿਆ ਪਰ ਅਹਿਮਦ ਅਬਦਾਲੀ ਨੇ ਆਪਣੀ ਸੁਘੜਤਾ ਤੇ ਸਿਆਣਪ ਦੁਆਰਾ ਨਾਦਰ ਸ਼ਾਹ ਦਾ ਵਿਸ਼ਵਾਸ ਹਾਸਲ ਕਰ ਲਿਆ। ਨਾਦਰ ਨੇ ਖੁਲੇ ਤੌਰ ਉਤੇ ਆਪਣੀਆਂ ਭਾਵਨਾਵਾਂ ਦਾ ਜ਼ਿਕਰ ਕੀਤਾ। ਉਸ ਖੁਲੇ ਦਰਬਾਰ ਵਿਚ ਕਿਹਾ : 'ਈਰਾਨ, ਤੁਰਾਨ ਤੇ ਹਿੰਦ ਵਿਚ ਮੈਨੂੰ ਅਹਿਮਦ ਅਬਦਾਲੀ ਵਰਗਾ ਕੋਈ ਵੀ ਆਦਮੀ ਨਹੀਂ ਮਿਲਿਆ। ਉਸ ਦੇ ਆਚਰਨ ਤੁਲ ਹੋਰ ਕੋਈ ਨਹੀਂ ਹੈ।

ਨਾਦਰ ਸ਼ਾਹ ਨੂੰ ਜੂਨ 1747 ਵਿਚ ਸਾਜ਼ਸ਼ੀਆਂ ਨੇ ਕਤਲ ਕਰ ਦਿੱਤਾ ਅਤੇ ਅਫਗਾਨਾਂ ਨੇ ਸਰਬ ਸੰਮਤੀ ਨਾਲ ਅਬਦਾਲੀ ਨੂੰ ਲੀਡਰ ਮੰਨ ਕੇ 'ਦੁਰਾਨੀ ਪਾਤਸ਼ਾਹ' ਦਾ ਖਿਤਾਬ ਦਿੱਤਾ। ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਤੇ ਹਿੰਦੁਸਤਾਨ ਉਤੇ ਲਗਾਤਾਰ ਹਮਲੇ ਕਰਨੇ ਸ਼ੁਰੂ ਕਰ ਦਿਤੇ। ਪੰਜਾਬ ਬੇ ਲਗਾਮ ਸੀ ਤੇ ਇਕ ਹੱਲੇ ਦੀ ਹੀ ਮਾਰ ਸੀ। ਸਿੱਖ ਅਜੇ ਤਾਕਤ ਪਕੜ ਹੀ ਰਹੇ ਸਨ।

1748 ਤੋਂ ਲੈ ਕੇ 1761 ਤਕ ਪੰਜ ਹਮਲੇ ਉਸ ਹਿੰਦੁਸਤਾਨ ਉਤੇ ਕੀਤੇ। ਪੰਜਵਾਂ ਹਮਲਾ ਨਿਰੋਲ ਮਰਹੱਟਿਆਂ ਦੇ ਵਿਰੁੱਧ ਸੀ। ਮਰਹੱਟੇ ਦਿੱਲੀ ਦੇ ਪੂਰਨ ਤੌਰ ਉਤੇ ਮਾਲਕ ਬਣ ਬੈਠੇ ਸਨ ਤੇ ਪੰਜਾਬ ਨੂੰ ਕਬਜ਼ੇ ਵਿਚ ਲਿਆਉਣ ਦੀ ਸੋਚ ਰਹੇ ਸਨ। ਅਬਦਾਲੀ ਨੇ ਪਾਨੀਪਤ ਦੀ ਤੀਜੀ ਜੰਗ ਵਿਚ ਮਰਹੱਟਿਆਂ ਨੂੰ ਤਗੜੀ ਹਾਰ ਦਿੱਤੀ । 13 ਜਨਵਰੀ 1761 ਨੂੰ ਮਰਹੱਟਿਆਂ ਨੂੰ ਹਰਾਉਣ ਉਪਰੰਤ ਉਹ ਮਾਰਚ ਦੇ ਮਹੀਨੇ ਵਾਪਸ ਮੁੜ ਰਿਹਾ ਸੀ ਤਾਂ ਸਿੱਖਾਂ ਨੇ ਅਬਦਾਲੀ ਕੋਲੋਂ ਆਪਣਾ ਹਿੱਸਾ ਵੰਡਾ ਲਿਆ। ਇਕ ਕਥਨ ਅਨੁਸਾਰ ਅਟਕ ਤਕ ਉਸ ਦਾ ਪਿੱਛਾ ਕੀਤਾ।

ਪੰਜਾਬ ਵਿਚ ਹੁਣ ਦੋ ਤਾਕਤਾਂ ਸਿੱਖ ਅਤੇ ਅਫਗਾਨ ਰਹਿ ਗਏ ਸਨ। ਅਬਦਾਲੀ ਦੇ ਕਾਬਲ ਚਲੇ ਜਾਣ ਕਰ ਕੇ ਸਿੱਖ ਅਮਲੀ ਤੌਰ ਉਤੇ ਪੰਜਾਬ ਦੇ ਮਾਲਕ ਸਨ। ਅਬਦਾਲੀ ਦੇ ਨੀਯਤ ਕੀਤੇ ਗਵਰਨਰ ਖਵਾਜਾ ਮਿਰਜ਼ਾ ਖਾਨ, ਚਹਾਰ ਮਹਲ ਵਾਲਾ, ਆਬਦ ਖਾਨ, (ਲਾਹੌਰ) ਸਾਦਤ ਖਾਨ ਅਤੇ ਸਾਦਕ ਖਾਨ ਅਫਰੀਕੀ (ਜਲੰਧਰ ਦੁਆਬ) ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕ ਨਾ ਪਾ ਸਕੇ। ਅਹਿਮਦ ਸ਼ਾਹ ਨੇ ਨੂਰ ਉਦਦੀਨ ਨੂੰ ਸਿੱਖਾਂ ਦਾ ਮੁਕਾਬਲਾ ਕਰਨ ਲਈ ਭੇਜਿਆ। ਚੜ੍ਹਤ ਸਿੰਘ ਸ਼ੁਕਰਚੱਕੀਏ ਨੇ ਉਸ ਨੂੰ ਮਾਰ ਕੇ ਨਸਾ ਦਿੱਤਾ। ਲਾਹੌਰ ਦਾ ਗਵਰਨਰ ਆਬਦ ਖਾਨ ਵੀ ਡਰ ਕੇ ਨੱਸ ਗਿਆ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਲਹੂਵਾਲੀਏ ਦੀ ਅਗਵਾਈ ਹੇਠ ਲਾਹੌਰ ਉਤੇ ਕਬਜ਼ਾ ਕਰ ਲਿਆ ਅਤੇ 'ਦੇਗ ਤੇਗ ਫਤਿਹ ਨਸਰਤ ਬੇਦ ਰੰਗ। ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ' ਉਕਰ ਕੇ 'ਸਿੱਕਾ ਜਾਰੀ ਕੀਤਾ। ਅਹਿਮਦ ਸ਼ਾਹ ਅਬਦਾਲੀ ਨੂੰ ਅਹਿਸਾਸ ਕਰਾਣ ਲਈ ਤੇ ਚੁੱਕਣ ਲਈ ਆਕਲਦਾਸ ਨਿਰੰਜਨੀਏ ਤੇ ਹਾਰੇ ਹੋਏ ਜਰਨੈਲਾਂ ਨੇ ਸਿੱਕਾ ਜ਼ਦ ਦਰ ਜਹਾਨ ਬਫਜ਼ਲਿ ਅਕਾਲ। ਮੁਲਕੇ ਅਹਿਮਦ, ਗਰਿਫਤ ਜੱਸਾ ਕਲਾਲ', ਸ਼ਬਦ ਸਿੱਕਿਆਂ ਉਤੇ ਉਕਰ ਕੇ ਭੇਜੇ। ਅਹਿਮਦ ਸ਼ਾਹ ਸਿੱਖਾਂ ਨੂੰ ਮਾਰ ਮੁਕਾਉਣ ਲਈ ਤਿਆਰੀਆਂ ਕਰਨ ਲੱਗਾ।

ਸਿੱਖਾਂ ਨੇ 27 ਅਕਤੂਬਰ, 1761 ਨੂੰ ਅੰਮ੍ਰਿਤਸਰ ਵਿਖੇ ਫੈਸਲਾ ਕੀਤਾ ਕਿ ਹਰ ਉਸ ਤਾਕਤ ਨੂੰ ਮਿਟਾਇਆ ਜਾਏ, ਜੋ ਹਰ ਸਮੇਂ ਸਿੱਖਾਂ ਦਾ ਵਿਰੋਧ ਕਰਦੀ ਰਹੀ ਹੈ।ਉਸ ਮਤੇ ਅਨੁਸਾਰ ਆਕਲਦਾਸ ਨਿਰੰਜਨੀਏ ਨੂੰ ਆਪਣੇ ਪਾਪਾਂ ਦੀ ਤਲਾਫੀ ਕਰਨ ਲਈ ਕਿਹਾ ਗਿਆ ਪਰ ਉਸ ਨੇ ਈਨ ਮੰਨਣ ਦੀ ਥਾਂ ਅਬਦਾਲੀ ਨੂੰ ਸੱਦ ਘੱਲਿਆ ਕਿ ਸਿੱਖ ਕਾਫੀ ਤਾਕਤ ਪਕੜ ਗਏ ਹਨ, ਉਸ ਦਾ ਪੰਜਾਬ ਵਿਚ ਆਉਣਾ ਜ਼ਰੂਰੀ ਹੈ। ਆਕਲਦਾਸ ਦੇ ਭੇਜੇਸ ਆਦਮੀ ਨੂੰ ਅਬਦਾਲੀ ਰੁਹਤਾਸ ਮਿਲ ਗਿਆ। ਉਹ ਪਹਿਲਾਂ ਹੀ ਆ ਰਿਹਾ ਸੀ। ਸਿੱਖਾਂ ਨੂੰ ਵੀ ਸੂਹ ਮਿਲ ਗਈ। ਸਿੱਖਾਂ ਨੇ ਸਾਰਾ ਧਿਆਨ ਆਪਣੇ ਟਬਰਾਂ ਨੂੰ ਸੁਰਖਿਅਤ ਥਾਂ ਤੇ ਪਹੁੰਚਣ ਵਲ ਲੱਗਾ ਦਿੱਤਾ। ਰਾਹ ਭਾਈ ਸੰਗੂ ਸਿੰਘ ਜੀ, ਬਾਬਾ ਆਲਾ ਸਿੰਘ ਦਾ ਭੇਜਿਆ ਕੋਤਵਾਲ ਭਾਈ ਸੁਖੂ ਸਿੰਘ ਹੰਭਲਵਾਲ ਤੇ ਭਾਈਕੇ ਦੇ ਭਾਈ ਬੁੱਢਾ ਸਿੰਘ ਕੈਂਥਲ ਵਾਲੇ ਦੱਸ ਰਹੇ ਸਨ। ਅਤੇ ਸਾਰੇ ਮਲੇਰ ਕੋਟਲੇ ਵਿਚ ਇੱਕਠੇ ਹੋਣੇ ਸ਼ੁਰੂ ਹੋਏ। ਮਲੇਰ ਕੋਟਲੇ ਦੇ ਨਵਾਬ ਭੀਖਨ ਖਾਨ ਨੇ ਜ਼ੇਨ ਖਾਨ ਨੂੰ ਮਦਦ ਲਈ

ਬੁਲਾਇਆ। ਅਹਿਮਦ ਸ਼ਾਹ ੩ ਫਰਵਰੀ , ੧੭੬੨ ਨੂੰ ਲਾਹੌਰ ਵਿਚ ਸੀ। ਸਿੱਖਾਂ ਦੇ ਅੰਦਾਜ਼ੇ ਮੁਤਾਬਕ ਘੱਟ ਤੋਂ ਘੱਟ ਉਸ ਨੂੰ ਪੁਜਦਿਆਂ ਦਸ ਦਿਨ ਲੱਗ ਜਾਣਗੇ। ਉਸ ਸਮੇਂ ਤਕ ਉਹ ਟੱਬਰਾਂ ਨੂੰ ਸੁਰਖਿਅਤ ਥਾਂ ਪਹੁੰਚਾ ਕੇ ਲੜਨ ਲਈ ਤਿਆਰ ਹੋ ਜਾਣਗੇ। ਪਰ ਸਿੱਖਾਂ ਦੀ ਹੈਰਾਨੀ ਦੀ ਹੱਦ ਹੀ ਨਾ ਰਹੀ, ਜਦ ੫ ਫਰਵਰੀ ਨੂੰ ਅਹਿਮਦ ਸ਼ਾਹ ਕੁੱਪ ਦੇ ਮੈਦਾਨ ਵਿਚ ਦਸ ਹਜ਼ਾਰ ਫ਼ੌਜ ਸਮੇਤ ਪੁੱਜ ਗਿਆ ਤੇ ਸਿੱਖਾਂ ਦਾ ਕਤਲਿ- ਆਮ ਸ਼ੁਰੂ ਕਰ ਦਿੱਤਾ। ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਅਜੇ ਸਿੰਘਾਂ ਨੇ ਤਿਆਰੇ ਵੀ ਨਹੀਂ ਸਨ ਕੱਸੇ:-

'ਨਹਿ ਤਾੜੇ ਸੁਚੇਤੇ ਸਜੇ ਦਸਤਾਰੇ। ਆਨ ਕੁਵੇਲੇ ਪਰੈ ਕਿਤਤੈ ਤਬ ਸਿੰਘ ਕਹੇ ਗਿਲਜੇ ਗੁਰ ਮਾਰੇ।

ਓੜਕ ਸ਼ੀਘਰ ਸਿੰਘ ਝਟਾਪਟ ਤਯਾਰ ਭਯੇ ਹਿਤ ਜੰਗ ਅਪਰੇ।

ਅਗੇਰੇ ਹੋਇ ਲਗੇ ਲਰਨ ਸਿੰਘ ਤੁਪਕ ਤੀਰ ਚਲਾਇ ਕਰਾਰੇ॥।'

ਭਾਵੇਂ ਹਮਲਾ ਅਚਨਚੇਤ ਹੀ ਹੋ ਗਿਆ ਪਰ ਸਿੱਖਾਂ ਨੇ ਮੁਕਾਬਲਾ ਕਰਨ ਦੀ ਠਾਨੀ। ਪਹਿਲੇ ਹੱਲੇ ਹੀ ਹਜ਼ਾਰਾਂ ਸਿੱਖ ਸ਼ਹੀਦ ਹੋ ਗਏ। ਬਾਕੀ ਟੱਬਰਾਂ ਨੂੰ ਬਚਾਉਣ ਲਈ ਸਿੱਖਾਂ ਨੇ ਸੋਚਿਆ। ਇਕ ਇਹ ਖਿਅਲ ਬਣਿਆ ਕਿ-

'ਯਾਹਿ ਤੇ ਸਾਰੇ ਸ਼ਹੀਦ ਭਵੋ, ਅਬ ਮਾਰੋ, ਮਰੋ ਇਹ ਬਾਤ ਖਰੀ ਹੈ,

ਪਰ ਫਿਰ ਵਹੀਰ ਦਾ ਖਿਆਲ ਆਇਆ। ਉਹ ਬੇਦੋਸੇ ਸਾਰੇ ਹੀ ਸ਼ਹੀਦ ਕਰ ਦਿੱਤੇ ਜਾਣਗੇ। ਸੋ ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠਾਂ ਵਹੀਰ ਦੇ ਇਰਦ ਗਿਰਦ ਚਾਰੇ ਪਾਸੇ ਫੌਜੀਆਂ ਦੀ ਦੀਵਾਰ ਬਣਾ ਲਈ। ਨੀਤੀ ਇਹ ਓਪਣਾਈ : 'ਤੁਰ ਤੁਰ ਲਰੋ' ਅਰ ਲਰ ਲਰ ਤੁਰੋ। ਅਤੇ ਜਿਤੇ ਵਹੀਰ ਤੇ ਹੱਲੇ ਦਾ ਜ਼ੋਰ ਤੱਕੋ ਉਥੇ ਅੜ ਕੇ ਟਾਕਰਾ ਕਰੋ। ਬਹੀਰ ਬਚਾਵਨ ਖਾਤਰ ਅੜ੍ਹੋ। ਜਦ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਆਪਣੇ ਆਪਣੇ ਮਿਸਲ ਦੇ ਝੰਡਿਆਂ ਹੇਠ ਲੜਨ ਦੀ ਤਜਵੀਜ਼ ਰਖੀ ਤਾਂ ਸੁਲਤਾਨ ਉਲ ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਵਿਚੋਂ ਟੋਕ ਕੇ ਕਿਹਾ: ਐਸਾ ਬਿਲਕੁਲ ਨ ਸੋਚੀਂ।

'ਮਿਸਲ ਵੰਡ ਅਬ ਕਬਹੂੰ ਨ ਪਾਵੋ, ਰਲ ਮਿਲ ਖੜ ਤੁਰ ਪੰਥ ਬਚਾਵੋ।'

ਇਸ ਤਰਾਂ ਬਰਨਾਲੇ ਵਲ ਵਧਣਾ ਆਰੰਭ ਕਰ ਦਿੱਤਾ। ਪੰਥ ਪ੍ਰਕਾਸ਼ ਦਾ ਲਿਖਾਰੀ ਇਸ ਸਾਰੀ ਵੀਚਾਰ ਨੂੰ ਇਸ ਤਰ੍ਹਾਂ ਲਿਖਦਾ ਹੈ।

ਆਪ ਬਚਾਵਹਿਗੋ ਹਥ ਦੈ ਇਹੁ ਪੰਥ ਅਹੇ ਜਿਸ ਹੀ ਗੁਰ ਕੇਰੋ।

ਆਤਗੇ ਬਹੀਰ ਚਲਾਇ ਦਿਜੈ, ਸਭ ਪਾਛੈ ਚਲਤ ਕਰਤੇ ਭਰ ਭੇਰੋ।

ਮਾਨ ਲਈ ਸਭ ਪੰਥ ਇਹੀ ਝਟ, ਕੀਨ ਵਹੀ ਸਰਦਾਰ ਜੁ ਟੇਰੋ॥੧੨॥

ਸਿੰਘ ਕਟੀਲੇ ਭਏ ਕਿਛੂ ਦਾਹਿਨੇ ਬਾਏ ਬਹੁ ਬੀਰ ਪਿਛਾਰੀ।

ਬੀਚ ਵਹੀਰ ਕੀ ਭੀਰ ਲਈ ਕਰ ਬਾਲ ਤ੍ਰਿਆ ਅਰ ਭਾਰ ਬ੍ਰਿਦਾਰੀ।

ਯਾ ਬਿਧ ਸਿੰਘ ਚਲੇ ਰਣ ਕੋ ਲਰਤੇ ਭਿਰਤੇ ਕਰਤੇ ਬਲ ਭਾਰੀ।'

ਭਾਵੇਂ ਇਸ ਤਰ੍ਹਾਂ ਪਿਛੇ ਹਟਦੇ ਸਿੰਘਾਂ ਦਾ ਕਾਫੀ ਜਾਨੀ ਨੁਕਸਾਨ ਹੋ ਰਿਹਾ ਸੀ, ਪਰ-

'ਸਿੰਘਨ ਬਟ ਕਸੀਸ ਦਈ ਤਬ ਯਾਦ ਕਰਾ ਦਯੋ ਅੱਲਾ।'

ਅਹਿਮਦ ਸ਼ਾਹ ਅਬਦਾਲੀ ਇਹ ਜ਼ੋਸ਼ ਤੇ ਲੜਾਈ ਦਾ ਢੰਗ ਦੇਖ ਕੇ ਹੱਕਾ ਬੱਕਾ ਰਹਿ ਗਿਆ। ਉਸ ਹੈਰਾਨੀ ਨਾਲ ਸਾਥੀਆਂ ਕੋਲੋਂ ਸਿੱਖਾਂ ਬਾਰੇ ਪੁਛਿਆ । ਸਿੱਖਾਂ ਦੇ ਗੁਣ ਸੁਣ ਕੇ ਅਹਿਮਦ ਸ਼ਾਹ ਵੀ ਨਾਦਰ ਵਾਗੂੰ ਬੋਲ ਪਿਆ-

'ਹਮ ਤੈ ਕਭੀ ਨ ਮਰੈ ਹੈ ਯਾਹਿ। ਪਹਿਲੇ ਮੁਗਲੋਂ ਨੇ ਬਹੁ ਮਾਰੇ।

ਪੁਨ ਹਮ ਨੇ ਮਾਰੇ ਬਹੁ ਬਾਰੈ। ਕਸਰ ਮੁਕਾਵਨ ਮੈ ਨਹਿ ਛੋਡੀ। ਫਿਰ ਇਹੁ ਬਢਤੇ ਜੈ ਹੈ ਹੋਡੀ।'

ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਸਰਦਾਰਾਂ ਵਲੀ ਖਾਨ, ਭੀਮ ਖਾਨ ਮਲੇਰ ਕੋਟਲੇ ਵਾਲੇ ਅਤੇ ਜੈਨ ਖਾਨ ਨੂੰ ਤਕੜੇ ਹੋ ਕੇ ਹਮਲਾ ਕਰਨ ਲਈ ਪਰੇਰਿਆ। ਉਹਨਾਂ ਅੱਠ ਹਜ਼ਾਰ ਫੌਜੀਆਂ ਸਮੇਤ ਹਮਲਾ ਕੀਤਾ । ਇਸ ਹਮਲੇ ਨਾਲ ਬੇਅੰਤ ਸਿੰਘ ਸ਼ਹੀਦ ਹੋਏ। ਇਸ ਤਰ੍ਹਾਂ ਇਕ ਵਾਰੀ ਫੇਰ ਉਹ ਸਿੱਖ ਸਰਦਾਰਾਂ ਦੀ ਬਣਾਈ ਵਾੜ ਟੁੱਟ ਗਈ ਤੇ 'ਵਹੀਰ' ਦਾ ਨੁਕਸਾਨ ਹੋਇਆ। ਅਬਦਾਲੀ ਦੀ ਹੁਣ ਇਹ ਖਾਹਿਸ਼ ਸੀ ਕਿ ਵਹੀਰ ਦੇ ਵਿਚਾਰ ਪੁੱਜ ਕੇ ਇਕ ਵਾਰ ਇਤਨੀ ਕਰੜੀ ਸੱਟ ਦਿੱਤੀ ਜਾਏ ਕਿ ਮੁੜ ਸਿੰਘ ਉਠ ਨ ਸਕਣ। ਪਰ ਦੂਜੇ ਪਾਸੇ ਸਿੰਘਾਂ ਨੇ ਵੀ ਆਪਣੇ ਆਪ ਨੂੰ ਜਥੇਬੰਦ ਕਰ ਲਿਆ-

'ਭੰਗੀ ਔਰਨ ਕਟੀ ਘਨਯੇ । ਅਹਲੂਵਾਲੀਏ ਸ਼ੁਕਰ ਚਕਯੇ।

ਡਲੇ ਵਾਲੇ, ਸ਼ਹੀਦ, ਕਰੋੜੀਏ ।ਔ ਰਾਮਗੀੜ੍ਹਏ ਬਡਬੀਰ।

ਮਿਲੇ ਨਿਸ਼ਾਨ ਵਾਲੀਏ ਧੀਰ।ਸਭ ਸਰਦਾਰ ਭਏ ਤਬ ਕੱਠੇ।

ਚਲੇ ਚਾਰ ਦਿਸ ਚਲਤੇ ਨਠੇ।ਬੀਚ ਚਲਯੋ ਸਰਬ ਵਹੀਰ।

ਲਰਤੇ ਚਲੇ ਐਸ ਤਦਬੀਰ।' (ਪੰਥ ਪ੍ਰਕਾਸ਼)

ਸਿੱਖ ਸਰਦਾਰਾਂ ਨੇ ਜਿਸ ਹੁਸ਼ਿਆਰੀ ਨਾਲ ਆਪਣੇ ਆਪ ਨੂੰ ਸੰਭਾਲਿਆ, ਉਹ ਦੁਨੀਆ ਦੇ ਜੰਗੀ ਇਤਿਹਾਸ ਵਿਚ ਅਮਿਟ ਘਟਨਾ ਹੈ। ਅਬਦਾਲੀ ਵੀ ਸਿਫਤ ਕਰਨ ਬਗੈਰ ਨਾ ਰਹਿ ਸਕਿਆ। ਜਿਸ ਪਾਸੇ ਸਿੰਘ ਦੌੜ ਕੇ ਪੈਂਦੇ ਸਨ, ਉਸ ਪਾਸਿਓਂ ਦੁਸ਼ਮਨਾਂ ਦਾ ਤਕਰੀਬਨ ਖਾਤਮਾ ਹੀ ਹੋ ਜਾਂਦਾ ਸੀ-

'ਜਿਤ ਵੱਲ ਪਰਤ ਸਿੰਘ ਭਟ ਦੌੜਾ। ਕਰਤ ਤੁਰਕਨ ਕੀ ਤਰੱਟੀ ਚੌੜਾ।'

ਜੈਨ ਖਾਨ ਨੇ ਅਬਦਾਲੀ ਨੂੰ ਕਿਹਾ ਕਿ ਇਨ੍ਹਾਂ ਨੂੰ ਘੇਰ ਮਾਰਨਾ ਕਠਿਨ ਹੈ। ਦੇਖਣ ਨੂੰ ਥੋੜੇ ਲਗਦੇ ਹਨ ਪਰ ਲੜਦੇ ਜਾਨਾਂ ਹੂਲ ਕੇ ਹਨ।

ਦੇਖਨ ਮੈ ਥੋੜ੍ਹੇ ਦਿਸੈ। ਲੜਤੇ ਘਣੈ ਦਿਸਾਹਿ।

ਸ: ਜੱਸਾ ਸਿੰਘ ਆਹਲੂਵਾਲੀਏ, ਸ: ਸ਼ਿਆਮ ਸਿੰਘ ਅਤੇ ਸ: ਚੜ੍ਹਤ ਸਿੰਘ ਸ਼ੁਕਰਚਕੀਏ ਨੇ ਕਾਫੀ ਹੱਥ ਦਿਖਾਏ। ਸ: ਜੱਸਾ ਸਿੰਘ ਆਹਲੂ ਵਾਲੀਏ ਤਾਂ, ਕਈ ਵਾਰ ਮਸਾਂ ਹੀ ਬਚੇ । ਦੁਰਾਨੀ ਵੀ ਪੂਰੇ ਜ਼ੋਰ ਨਾਲ ਹਮਲਾ ਕਰ ਰਹੇ ਸਨ। ਉਹਨਾਂ ਦਾ ਇਕ ਹੀ ਨਿਸ਼ਾਨ ਸੀ ਕਿ ਸਿੰਘਾਂ ਦੀ ਫੌਜ ਨੂੰ ਚੀਰ ਕੇ ਵਹੀਰ ਨੂੰ ਸ਼ਹੀਦ ਕੀਤਾ ਜਾਏ। ਉਸ ਮੁੱਠਭੇੜ ਵਿਚ ਜਹਾਨਦਾਰ ਖਾਨ, ਸ: ਜਸਾ ਸਿੰਘ ਆਹਲੂਵਾਲੀਏ ਹਥੋਂ ਮਾਰਿਆ ਗਿਆ। ਇਸ ਤਰ੍ਹਾਂ ਵਹੀਰ ਪੰਜ ਕੁ ਮੀਲ ਹੋਰ ਚਲ ਸਕੀ। ਆਖਰ ਦੁਰਾਨੀ , ਸਿੰਘਾਂ ਦੀ ਫੌਜ ਅਤੇ ਵਹੀਰ ਨੂੰ ਅੱਡ ਕਰਨ ਵਿਚ ਸਫਲ ਹੋ ਗਏ ਅਤੇ ਉਹਨਾਂ ਬੜੀ ਬੇਦਰਦੀ ਨਾਲ, ਜੋ ਸਿੱਖ ਬੱਚਾ, ਬੁੱਢਾ, ਜੁਆਨ, ਇਸਤਰੀ, ਪੁਰਸ਼ ਹੱਥ ਆਇਆ, ਉਸ ਨੂੰ ਸ਼ਹੀਦ ਕਰ ਦਿੱਤਾ। ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਉਥੇ ਖੂਨ ਦਾ ਦਰਿਆ ਵਗ ਤੁਰਿਆ। ਸਿੱਖ ਉਸ ਕੱਟਾ-ਵੱਡੀ ਵਿਚ ਵੀ ਆਪਣੇ ਨਿਸ਼ਾਨੇ ਵੱਲ ਵਧਦੇ ਰਹੇ ਅਤੇ ਰਾਤ ਪੈਣ ਤਕ 20 ਮੀਲ ਪੈਂਡਾ ਉਹਨਾਂ ਕਰ ਲਿਆ। ਅਬਦਾਲੀ ਦੀਆਂ ਫੌਜਾਂ ਵੀ 150 ਮੀਲ ਸਫਰ ਅਤੇ ਸਾਰੇ ਦਿਨ ਦੇ ਮੁਕਾਬਲੇ ਦੀ ਲੜਾਈ ਕਰ ਕੇ ਥੱਕ ਟੁੱਟ ਗਈਆਂ ਸਨ। ਉਹ ਕੁਤਬ ਪਿੰਡ ਦੇ ਨੇੜੇ ਪੁੱਜੇ ਸਨ, ਪਿਆਸ ਨੇ ਉਹਨਾਂ ਨੂੰ ਵਿਆਕੁਲ ਕੀਤਾ ਹੋਇਆ ਸੀ। ਉਹਨਾਂ ਰੱਜ ਕੇ ਪਾਣੀ ਪੀਤਾ। ਪਰ ਹੈਰਾਨੀ ਦੀ ਗੱਲ ਇਹ ਕਿ ਇਕ ਸਿਰੇ ਪਠਾਨ ਪਾਣੀ ਪੀ ਰਹੇ ਸਨ ਤੇ ਦੂਜੇ ਸਿਰੇ ਸਿੱਖ ਵੀ ਦਿਨ ਦੀ ਪਿਆਸ ਬੁਝਾ ਰਹੇ ਸਨ। ਉਥੇ ਵੀ ਲੜਾਈ ਹੋਈ। ਰਾਤ ਪੈ ਜਾਣ ਕਰ ਕੇ ਸਿੱਖਾਂ ਨੇ ਹੋਰ ਅੱਗੇ ਬਰਨਾਲੇ ਵਲ ਵੱਧਣਾ ਜਾਰੀ ਰਖਿਆ ਅਤੇ ਉਹ ਬਰਨਾਲੇ ਪੁੱਜ ਗਏ।

ਇਸ ਘਟਨਾ ਨੂੰ ਸਿੱਖ ਇਤਿਹਾਸ ਵਿਚ ਵੱਡਾ ਘਲੂਘਾਰਾ ਆਖ ਕੇ ਯਾਦ ਕੀਤਾ ਜਾਂਦਾ ਹੈ। ਹੁਸੈਨ ਸ਼ਾਹੀ, ਤਾਰੀਖੇ ਅਹਿਮਦ, ਹਿਊਮਲ, ਅਲੀ ਉਦ ਦੀਨ, ਭਾਈ ਰਤਨ ਸਿੰਘ ਆਦਿ ਦੇ ਕਥਨ ਅਨੁਸਾਰ ਇਸ ਘਲੂਘਾਰੇ ਵਿਚ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ। ਇਹ ਕੌਮ ਉਤੇ ਇਕ ਕਰੜੀ ਸੱਟ ਸੀ। ਅੱਧੀ ਕੌਮ ਇਕ ਦਿਨ ਸ਼ਹੀਦ ਹੋ ਗਈ ਪਰ ਦੁਨੀਆ ਨੇ ਹੈਰਾਨੀ ਨਾਲ ਵੇਖਿਆ ਅਤੇ ਇਤਿਹਾਸਕਾਰਾਂ ਲਿਖਿਆ ਕਿ ਸਿੱਖਾਂ ਨੇ

ਨਾ ਸਿਰਫ ਚੜ੍ਹਦੀ ਕਲਾ ਦੱਸੀ ਸਗੋਂ ੧੭੬੨ ਉਸੇ ਸਾਲ ਜ਼ੇਨ ਖਾਨ ਨੂੰ ਸਿਰਹੰਦ ਵਿਚ ਘੇਰ ਲਿਆ। ਇਤਨੀ ਵੱਡੀ ਸ਼ਹਾਦਤ ਤੋਂ ਬਾਅਦ ਸ਼ੁਕਰ ਹੀ ਗੁਜ਼ਾਰਿਆ। ਅਰਦਾਸ ਕੀਤੀ, ਉਚੀ ਆਵਾਜ਼ ਨਾਲ ਕਿਹਾ: ਸਚੇ ਪਾਤਸ਼ਾਹ ਕੱਚੇ ਪਿਲੇ ਝੜ ਗਏ ਹਨ, ਬਾਕੀ ਤੱਤ ਖਾਲਸਾ ਰਹਿ ਗਿਆ, ਹੁਣ ਆਪੇ ਸਿੱਝ ਲਵਾਂਗੇ।

'ਤੱਤ ਖਾਲਸਾ ਸੋ ਰਹਯੋ। ਗਯੋ ਸੁ ਖੋਟ ਗਵਾਇ।'

ਕੋਈ ਇਕ ਵੀ ਸਰਦਾਰ ਐਸਾ ਨਹੀਂ ਸੀ ਜੋ ਫੱਟੜ ਨ ਹੋ ਗਿਆ ਹੋਵੇ। ਇਕੇਲੇ ਸਰਦਾਰ ਜੱਸਾ ਸਿੰਘ ਨੂੰ 'ਬਾਈ ਘਾਇ' ਲਗੇ। ਪ੍ਰਾਚੀਨ ਪੰਥ ਪ੍ਰਕਾਸ਼ ਦੀ ਹੀ ਗਵਾਹੀ ਹੈ:

ਸਰਦਾਰ ਸਬੈ ਜਖਮੀ ਭਏ, ਸਾਬਤ ਰਹਯੋ ਨ ਕੋਇ।

ਲਈ ਸ਼ਹੀਦੀ ਥੀ ਘਨਨ, ਗਿਣਤੀ ਸਭਨ ਨ ਹੋਇ।

ਸਿੱਖਾ ਨੇ ਸਚ ਮੁਚ ਖੂਬ ਸਿਝਿਆ। ਜੂਨ ਵਿਚ ਇਕ ਬਾਪੂ ਨਾਮ ਦੇ ਮੱਰਹਟਾਂ ਵਲੋਂ ਲਾਹੌਰ ਵਿਚੋਂ ਲਿਖੀ ਚਿੱਠੀ ਇਸ ਗੱਲ ਦੀ ਗਵਾਹੀ ਭਰਦੀ ਹੈ। ਤਮਹਿਮਸਪ ਮਸਕੀਨ ਵੀ ਇਹ ਗੱਲ ਕਹਿੰਦਾ ਹੈ। ਉਹ ਲਿਖਦਾ:- 'ਸਿੱਖਾ ਦੀ ਤਾਕਤ ਦਿਨ-ਬ-ਦੀਨ ਵੱਧ ਰਹੀ ਹੈ ਅਤੇ ਉਹਨਾਂ ਦੇ ਇਰਦ ਗਿਰਦ ਮਾਰਾਂ ਮਾਰਨੀਆਂ ਅਰੰਭ ਕਰ ਦਿੱਤੀਆਂ ਹਨ।' ਤਾਰੀਖੇ ਸੁਲਤਾਨੇ ਅਫਗਾਨ ਵਿਚ ਇਕ ਸਵਾਦੀ ਤੇ ਅਨੋਖੀ ਘਟਨਾ ਲਿਖੀ ਹੋਈ ਹੈ, 'ਇਕ ਵਾਰੀ ਅਹਿਮਦ ਸ਼ਾਹ ਅਬਦਾਲੀ ਸਤਲੁਜ ਦੇ ਪਾਰ ਕਿਲ੍ਹੇ ਵਿਚ ਹੁੱਕਾ ਪੀ ਰਿਹਾ ਸੀ ਤਾਂ ਇਕ ਸਿੱਖ ਨੇ ਸਾਹਮਣੇ ਆ ਕੇ ਹਮਲਾ ਕਰ ਦਿੱਤਾ।' ਭਾਵੇਂ ਉਹ ਥਾਕਿ ਹੀ ਤੀਰ ਨਾਲ ਮਾਰਿਆ ਗਿਆ ਪਰ ਅਹਿਮਦ ਸ਼ਾਹ ਅਬਦਾਲੀ ਵੀ ਇਥੇ ਰਹਿ ਨਾ ਸਕਿਆ, ਵਾਪਸ ਮੁੜ ਗਿਆ। ਸਿੱਖਾਂ ਉਸੇ ਦੀਵਾਲੀ ਅੰਮ੍ਰਿਤਸਰ ਮਨਾਈ ਤੇ ਅਬਦਾਲੀ ਨੂੰ ਮਜਬੂਰ ਕਰ ਦਿੱਤਾ ਕਿ ਉਹ ਪੰਜਾਬ ਛੱਡ ਜਾਏ। ਇਸ ਵੱਡੇ ਘਲੂਘਾਰੇ ਨੇ ਭਾਵੇਂ ਜਾਨੀ ਨੁਕਸਾਨ ਤਾਂ ਬਹੁਤ ਪੁਚਾਇਆ, ਪਰ ਇਕ ਐਸੀ ਸ਼ਕਤੀ ਸਿੱਖਾਂ ਨੂੰ ਬਖਸ਼ੀ ਕਿ ਫਿਰ ਕੋਈ ਪੰਜਾਬ ਵਲ ਮੂੰਹ ਨ ਕਰ ਸਕਿਆ।

ਧੰਨਵਾਦ ਸਹਿਤ :-

ਖਾਲਸੇ ਦਾ ਵਾਸੀ

## ਜੈਤੋ ਦਾ ਮੋਰਚਾ

**ਪ੍ਰੋ.ਕਰਤਾਰ ਸਿੰਘ**

ਏਧਰ ਗੁਰਦੁਆਰਾ ਸੁਧਾਰ ਲਹਿਰ ਜ਼ੋਰਾਂ ਤੇ ਸੀ ਅਤੇ ਸਿੱਖਾਂ ਵਿੱਚ ਅਥਾਹ ਜੋਸ਼ ਠਾਠਾਂ ਮਾਰ ਰਿਹਾ ਸੀ, ਉਧਰੋਂ ਸਰਕਾਰ ਨੇ ਸਿੱਖਾਂ ਨੂੰ ਭੜਕਾਉਣ, ਅਜ਼ਮਾਉਣ ਵਾਸਤੇ ਇਕ ਹੋਰ ਸ਼ੋਸ਼ਾ ਛੇੜ ਦਿੱਤਾ । 9 ਜੁਲਾਈ 1923 ਨੂੰ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਗੱਦੀਓਂ ਲਾਹਿਆ ਗਿਆ । ਇਸ ਦਾ ਕਾਰਨ ਇਹ ਸੀ ਕਿ ਪਟਿਆਲੇ ਤੇ ਨਾਭੇ ਦੇ ਮਹਾਰਾਜਿਆਂ ਵਿਚਕਾਰ ਨਿਜੀ ਝਗੜਾ ਸੀ । ਦੋਹਾਂ ਧਿਰਾਂ ਦੀ ਸੰਮਤੀ ਨਾਲ ਸਰਕਾਰ ਨੇ ਇਸ ਝਗੜੇ ਦੀ ਪੜਤਾਲ ਵਾਸਤੇ ਆਲਹਾਬਾਦ ਹਾਈ ਕੋਰਟ ਦਾ ਇਕ ਜੱਜ ਨੀਯਤ ਕੀਤਾ। ਉਸ ਨੇ ਨਾਭੇ ਦਾ ਮਹਾਰਾਜੇ ਵਿਰੁੱਧ ਫੈਸਲਾ ਦਿੱਤਾ । ਸਰਕਾਰ ਨੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਕਿਹਾ ਕਿ ਜਾਂ ਗੱਦੀ ਛੱਡ ਦਿਓ, ਨਹੀਂ ਤਾਂ ਤੁਹਾਡੇ ਵਿਰੁੱਧ ਖੁੱਲ੍ਹੀ ਅਦਾਲਤ ਵਿੱਚ ਮੁਕੱਦਮਾ ਚਲਾਇਆ ਜਾਵੇਗਾ । ਇਸ ਤੇ ਮਹਾਰਾਜੇ ਨੇ ਗੱਦੀ ਛੱਡਣੀ ਪ੍ਰਵਾਨ ਕਰ ਲਈ । ਸਰਕਾਰ ਨੇ ਤਿੰਨ ਲੱਖ ਰੁਪਏ ਸਾਲਾਨਾ ਖਰਚ ਨੀਯਤ ਕਰ ਕੇ ਮਹਾਰਾਜੇ ਨੂੰ ਡੇਹਰਾਦੂਨ ਭੇਜ ਦਿੱਤਾ ।

ਮਹਾਰਾਜਾ ਰਿਪੁਦਮਨ ਸਿੰਘ ਆਜ਼ਾਦ ਖਿਆਲੀਆ ਸੀ । ਉਸ ਨੇ ਗੁਰਦੁਆਰਾ ਰਕਾਬ ਗੰਜ ਦਾ ਮਸਲਾ ਹਲ ਕਰਨ ਵਿੱਚ ਸਹਾਇਤਾ ਕੀਤੀ ਸੀ ਤੇ ਪੰਥ ਦਾ ਪੱਖ ਪੂਰਿਆ ਸੀ । ਇਸ ਕਰ ਕੇ ਸਿੱਖ ਉਸ ਨੂੰ ਚੰਗਾ ਗਿਣਦੇ ਸਨ । ਉਸ ਦੇ ਗੱਦੀ ਤੋਂ ਲਾਹੇ ਜਾਣ ਵਿਰੁੱਧ ਸਿੱਖਾਂ ਵਿੱਚ ਸਖਤ ਐਜੀਟੇਸ਼ਨ ਹੋਈ । ਉਨ੍ਹਾਂ ਦਾ ਖਿਆਲ ਸੀ ਕਿ ਮਹਾਰਾਜੇ ਨੂੰ ਗੱਦੀਓਂ ਲਾਹੁਣ ਦਾ ਅਸਲੀ ਅੰਦਰਲਾ ਕਾਰਣ ਉਸ ਦਾ ਦੇਸ਼-ਭਗਤੀ ਤੇ ਪੰਥ-ਭਗਤੀ ਵਾਲਾ ਵਤੀਰਾ-ਵਰਤਾਉ ਸੀ ।

ਬਹੁਤ ਸਾਰੇ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਨੂੰ ਚਿੱਠੀਆਂ ਲਿਖੀਆਂ ਕਿ ਮਹਾਰਾਜੇ ਨਾਲ ਜੋ ਧੱਕਾ ਹੋਇਆ ਹੈ, ਉਹ ਪੰਥ ਨਾਲ ਹੋਇਆ ਹੈ । ਕਮੇਟੀ ਇਸ ਮਸਲੇ ਨੂੰ ਆਪਣੇ ਹੱਥ ਵਿੱਚ ਲਵੇ ਅਤੇ ਮਹਾਰਾਜੇ ਨੂੰ ਮੁੜ ਗੱਦੀ ਤੇ ਬਿਠਾਉਣ ਦਾ ਯਤਨ ਕਰੇ ।

ਉਧਰੋਂ ਸਰਕਾਰ ਕਹਿੰਦੀ ਸੀ ਕਿ ਜੱਜ ਨੇ ਪੂਰੀ ਪੜਤਾਲ ਮਗਰੋਂ ਫੈਸਲਾ ਮਹਾਰਾਜਾ ਨਾਭਾ ਦੇ ਵਿਰੁੱਧ ਦਿੱਤਾ ਸੀ । ਮਹਾਰਾਜੇ ਲਈ ਦੋ ਰਾਹ ਸਨ ਜਾਂ ਤਾਂ ਉਹ ਖੁਲ੍ਹੀ ਅਦਾਲਤ ਵਿੱਚ ਮੁਕੱਦਮਾ ਚੱਲਣਾ ਪ੍ਰਵਾਨ ਕਰਦਾ, ਜਾਂ ਚੁਪ ਕੀਤਾ ਗੱਦੀ ਤਿਆਗ ਦਿੰਦਾ । ਉਸ ਨੇ ਗੱਦੀ ਛੱਡਣੀ ਮੰਨ ਲਈ । ਉਸ ਨਾਲ ਧੱਕਾ ਕਿਵੇਂ ਹੋਇਆ ? ਨਾਲੇ ਇਹ ਮਾਮਲਾ ਨਾਭੇ ਪਟਿਆਲੇ ਦੇ ਮਹਾਰਾਜਿਆਂ ਦਾ ਨਿਜੀ ਅਤੇ ਰਾਜਸੀ ਹੈ । ਸ਼੍ਰੋਮਣੀ ਕਮੇਟੀ ਨਿਰੋਲ ਧਾਰਮਿਕ ਸੰਸਥਾ ਹੈ ਅਤੇ ਗੁਰਦੁਆਰਿਆਂ ਦਾ ਪ੍ਰਬੰਧ, ਸੇਵਾ ਤੇ ਰਾਖੀ ਕਰਨ ਲਈ ਬਣਾਈ ਗਈ ਪੰਥਕ ਜਥੇ-ਬੰਦੀ ਹੈ । ਇਸ ਕਰ ਕੇ ਉਸ ਦਾ ਇਸ ਮਾਮਲੇ ਵਿੱਚ ਦਖਲ ਦੇਣਾ ਠੀਕ ਨਹੀਂ ।

ਫਿਰ ਸ਼੍ਰੋਮਣੀ ਕਮੇਟੀ ਨੇ 5 ਅਗਸਤ ਸੰਨ 1923 ਨੂੰ ਮਹਾਰਾਜਾ ਨਾਭਾ ਨਾਲ ਹਮਦਰਦੀ ਦਾ ਮਤਾ ਪਾਸ ਕੀਤਾ ਅਤੇ ਫੈਸਲਾ ਕੀਤਾ ਕਿ ਸਾਰੇ ਯੋਗ ਤੇ ਪੁਰ-ਅਮਨ ਤਰੀਕਿਆਂ ਨਾਲ ਮਹਾਰਾਜੇ ਨਾਲ ਹੋਈ ਬੇ-ਇਨਸਾਫੀ ਨੂੰ ਦੂਰ ਕੀਤਾ ਜਾਵੇ । ਨਾਲ ਹੀ ਉਸ ਨੇ ਪੰਥ ਨੂੰ ਅਪੀਲ ਕੀਤੀ ਕਿ 9 ਸਤੰਬਰ 1923 ਨੂੰ 'ਨਾਭਾ-ਦਿਨ' ਮਨਾਇਆ ਜਾਵੇ ਅਤੇ ਮਹਾਰਾਜਾ ਰਿਪੁਦਮਨ ਸਿੰਘ ਦੇ ਹੱਕ ਵਿੱਚ ਮਤੇ ਪਾਸ ਕੀਤੇ ਜਾਣ ਅਤੇ ਅਰਦਾਸੇ ਸੋਧੇ ਜਾਣ ।ਸ਼੍ਰੋਮਣੀ ਅਕਾਲੀ ਦਲ ਨੇ ਇਸ ਫੈਸਲੇ ਦੀ ਪ੍ਰੋੜ੍ਹਤਾ ਕੀਤੀ । 'ਨਾਭਾ-ਦਿਨ' ਸਭ ਥਾਈਂ ਬੜੇ ਜੋਸ਼ ਨਾਲ ਮਨਾਇਆ ਗਿਆ ।

ਨਾਭੇ ਦੇ ਲੋਕਾਂ ਵਿੱਚ ਵੀ ਚੋਖੀ ਬੇ-ਚੈਨੀ ਸੀ । ਜੈਤੋ ਦੇ ਇਲਾਕੇ ਦੀ ਸੰਗਤ ਨੇ ਫੈਸਲਾ ਕੀਤਾ ਕਿ 25, 26 ਤੇ 27 ਅਗਸਤ ਸੰਨ 1923 ਨੂੰ ਗੁਰਦੁਆਰਾ ਗੰਗਸਰ ਵਿੱਚ ਦੀਵਾਨ ਤੇ ਪਾਠ ਕੀਤਾ ਜਾਵੇ । ਪੁਲਸ ਨੇ ਇਸ ਵਿੱਚ ਵਿਘਨ ਪਾਇਆ ਅਤੇ 28 ਤਾਰੀਖ਼ ਨੂੰ ਦੀਵਾਨ ਦੇ ਮੁਖੀ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚੋਂ ਗ੍ਰਿਫ਼ਤਾਰ ਕਰ ਲਿਆ । ਉਥੇ ਹਾਜ਼ਰ ਸੰਗਤਾਂ ਨੇ ਮਹਿਸੂਸ ਕੀਤਾ ਕਿ ਇਹ ਦੀਵਾਨ ਤੇ ਸੰਗਤ ਦੀ ਹੱਤਕ ਹੈ ਅਤੇ ਫੈਸਲਾ ਕੀਤਾ ਕਿ ਜਦ ਤੀਕ ਸਰਕਾਰ ਇਸ ਗੱਲ ਦਾ ਪਸਚਾਤਾਪ ਨਾ ਕਰੇ, ਦੀਵਾਨ ਅਤੇ ਪਾਠ ਦਾ ਸਿਲਸਲਾ ਜਾਰੀ ਰੱਖਿਆ ਜਾਵੇ ।

ਸ਼੍ਰੋਮਣੀ ਕਮੇਟੀ ਨੇ 1 ਸਤੰਬਰ ਸੰਨ 1923 ਨੂੰ 25 ਸਿੰਘਾਂ ਦਾ ਜਥਾ ਪਾਠ ਕਰਨ ਲਈ ਭੇਜਿਆ । ਇਸ ਜਥੇ ਨੇ ਅਖੰਡ ਪਾਠ ਆਰੰਭੇ । ੧੪ ਸਤੰਬਰ ਨੂੰ ਰਿਆਸਤੀ ਅਫਸਰਾਂ ਨੇ ਅਖੰਡ ਪਾਠ ਕਰ ਰਹੇ ਸਿੰਘ ਨੂੰ, ਹੋਰ ਪਾਠੀਆਂ ਅਤੇ ਸੰਗਤ ਨੂੰ ਗ੍ਰਿਫ਼ਤਾਰ ਕਰ ਲਿਆ । ਇਸ ਸੰਬੰਧੀ ਇਕ ਧੜੇ ਵੱਲੋਂ ਤਾਂ ਇਹ ਕਿਹਾ ਗਿਆ ਕਿ ਅਖੰਡ ਪਾਠ ਖੰਡਤ ਕੀਤਾ ਜਾਂ ਰੋਕ ਦਿੱਤਾ ਗਿਆ ਹੈ । ਸਰਕਾਰੀ ਅਫਸਰਾਂ ਦਾ ਬਿਆਨ ਸੀ ਕਿ ਇਕ ਤਿਆਰ-ਬਰ-ਤਿਆਰ ਸਿੰਘ ਇਸ਼ਨਾਨ ਕਰ ਕੇ ਅਖੰਡ ਪਾਠ ਕਰ ਰਹੇ ਸਿੰਘ ਦੇ ਪਾਸ ਬਹਿ ਗਿਆ, ਜਿਵੇਂ ਪਾਠੀ ਬਦਲਣ ਸਮੇਂ ਬੈਠਦਾ ਹੈ, ਉਸ ਨੇ ਪਾਠ ਆਰੰਭ ਕਰ ਦਿੱਤਾ ਅਤੇ ਮਗਰੋਂ ਪਹਿਲੇ ਪਾਠੀ ਨੂੰ ਅਡੋਲ ਹੀ ਚੁੱਕ ਲਿਆ ਗਿਆ । ਸਰਦਾਰ ਤੇਜਾ ਸਿੰਘ ਜੀ 'ਸਮੁੰਦਰੀ' ਨੇ ਜੋ ਬਿਆਨ ਦਿੱਤਾ, ਉਸ ਤੋਂ ਪਤਾ ਲੱਗਦਾ ਹੈ ਕਿ ਇਸ ਘਟਨਾ ਬਾਰੇ ਸ਼ਿਕਾਇਤ ਇਹ ਸੀ ਕਿ ਅਫਸਰਾਂ ਨੇ ਕੜਾਹ ਪ੍ਰਸ਼ਾਦ ਤੋਂ ਬਿਨਾਂ ਹੀ ਅਖੰਡ ਪਾਠ ਦਾ ਭੋਗ ਪਾਇਆ ।

ਖੈਰ, 14 ਸਤੰਬਰ ਤੋਂ ਮਗਰੋਂ ਜੈਤੋ ਵਿੱਚ ਮੋਰਚਾ ਲੱਗ ਗਿਆ । ਸ਼੍ਰੋਮਣੀ ਕਮੇਟੀ ਨੇ ੧੫ ਸਤੰਬਰ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 25-25 ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਕੀਤੇ । ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਅਤੇ ਦੂਰ ਜਾ ਕੇ ਛੱਡ ਦਿੱਤਾ ਜਾਂਦਾ । ਮਾਰ-ਕੁਟਾਈ ਤੇ ਬਹੁਤ ਸਖਤੀ ਕੀਤੀ ਜਾਣ ਲੱਗ ਪਈ । ਇਹ ਸਿਲਸਲਾ ਪੰਜ-ਕੁ ਮਹੀਨੇ ਇਵੇਂ ਜਾਰੀ ਰਿਹਾ ।

ਧੰਨਵਾਦ ਸਹਿਤ :-
ਸਿੱਖ ਇਤਿਹਾਸ ਭਾਗ-੨
ਸ਼੍ਰੋ.ਗੁ.ਪ੍ਰ.ਕ.ਅੰਮ੍ਰਿਤਸਰ

# ਸ੍ਰੀ ਨਨਕਾਣਾ ਸਾਹਿਬ

ਪ੍ਰੋ. ਕਰਤਾਰ ਸਿੰਘ

ਸ੍ਰੀ ਨਨਕਾਣੇ ਸਾਹਿਬ ਦਾ ਮਹੰਤ ਨਰਾਇਣ ਦਾਸ ਬੜਾ ਹੀ ਐਬੀ ਤੇ ਵੈਲੀ ਸੀ । ਉਸ ਦੇ ਆਚਰਨ ਤੇ ਵਤੀਰੇ ਵਿਰੁੱਧ ਅਣਗਿਣਤ ਸ਼ਿਕਾਇਤਾਂ ਸਨ । ਉਹ ਤੇ ਉਸ ਦੇ ਚੇਲੇ ਤੇ ਸਾਥੀ ਸ਼ਰਾਬ ਪੀਂਦੇ ਅਤੇ ਅਨੇਕ ਤਰ੍ਹਾਂ ਦੇ ਅਨਰਥ ਕਮਾਉਂਦੇ ਸਨ । ਦਰਸ਼ਨ ਕਰਨ ਆਈਆਂ ਇਸਤ੍ਰੀਆਂ ਦੀ ਬੇਪਤੀ ਕੀਤੀ ਜਾਂਦੀ ਸੀ ਤੇ ਕਈਆਂ ਦੇ ਜ਼ਬਰਨ ਸਤ ਭੰਗ ਕੀਤੇ ਜਾਂਦੇ ਸਨ । ਅਗਸਤ ਸੰਨ 1917 ਵਿੱਚ ਗੁਰਦੁਆਰਾ ਜਨਮ ਅਸਥਾਨ ਵਿੱਚ ਕੰਜਰੀਆਂ ਦਾ ਮੁਜਰਾ ਕਰਾਇਆ ਗਿਆ । ਇਸ ਪਰ ਸਿੱਖ ਪੰਥ ਵਿੱਚ ਸਖਤ ਰੰਜ ਮਨਾਇਆ ਗਿਆ। ਅਖਬਾਰਾਂ ਵਿੱਚ ਜ਼ੋਰਦਾਰ ਐਜੀਟੇਸ਼ਨ ਹੋਇਆ । ਸਿੰਘ-ਸਭਾਵਾਂ ਨੇ ਮਤੇ ਪਾਸ ਕੀਤੇ, ਜਿਨ੍ਹਾਂ ਰਾਹੀਂ ਗੁਰਦੁਆਰੇ ਦੀ ਬੇ-ਅਦਬੀ ਵਿਰੁੱਧ ਰੋਸ ਪ੍ਰਗਟ ਕੀਤਾ ਗਿਆ ਅਤੇ ਸਰਕਾਰ ਨੂੰ ਕਿਹਾ ਗਿਆ ਕਿ ਅਜੇਹੀਆਂ ਕਾਰਵਾਈਆਂ ਨੂੰ ਰੋਕਣ ਦਾ ਪ੍ਰਬੰਧ ਕਰੇ । ਪਰ ਨਾ ਮਹੰਤ ਨੇ ਕੋਈ ਪ੍ਰਵਾਹ ਕੀਤੀ ਅਤੇ ਨਾ ਹੀ ਸਰਕਾਰ ਨੇ ਕੋਈ ਕਾਰਵਾਈ ਕੀਤੀ ।

ਸੰਨ 1918 ਵਿੱਚ ਇਕ ਸਿੰਧੀ ਸ਼ਰਧਾਲੂ ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਗਿਆ । ਸ਼ਾਮ ਦੇ 'ਰਹਰਾਸਿ' ਦੇ ਦੀਵਾਨ ਵੇਲੇ ਇਕ ਪੁਜਾਰੀ ਸਾਧ ਨੇ ਉਸ ਸਿੰਧੀ ਦੀ 13 ਸਾਲ ਦੀ ਬੱਚੀ ਨਾਲ ਜਬਰਨ ਬੁਰਾ ਕੰਮ ਕੀਤਾ । ਉਸੇ ਸਾਲ ਜੜ੍ਹਾਂ ਵਾਲੇ ਇਲਾਕੇ ਦੀਆਂ ੬ ਇਸਤਰੀਆਂ ਪੂਰਨਮਾਸ਼ੀ ਵਾਲੇ ਦਿਨ ਗੁਰਦੁਆਰੇ ਗਈਆਂ ਤੇ ਰਾਤ ਉਥੇ ਰਹੀਆਂ । ਰਾਤ ਨੂੰ ਸਾਧਾਂ ਨੇ ਸਾਰੀਆਂ ਦਾ ਜ਼ਬਰਨ ਸਤ ਭੰਗ ਕੀਤਾ । ਇਹੋ ਜਿਹੀਆਂ ਵਾਰਦਾਤਾਂ ਹੁੰਦੀਆਂ ਹੀ ਰਹਿੰਦੀਆਂ ਸਨ ।

ਸ੍ਰੀ ਨਨਕਾਣਾ ਸਾਹਿਬ ਵਿੱਚ ਇਹ ਕੁਰੀਤੀਆਂ ਤੇ ਅਨਰਥ ਹੁੰਦਾ ਵੇਖ ਕੇ, ਅਕਤੂਬਰ ਸੰਨ 1920 ਦੇ ਸ਼ੁਰੂ ਵਿੱਚ ਪਿੰਡ ਧਾਰੋਵਾਲੀ ਜ਼ਿਲਾ ਸ਼ੇਖੂਪੁਰਾ ਵਿੱਚ ਇਕ ਭਾਰੀ ਦੀਵਾਨ ਕੀਤਾ ਗਿਆ, ਜਿਸ ਵਿੱਚ ਸਾਰੇ ਮਾਮਲੇ ਉੱਪਰ ਵਿਚਾਰ ਕੀਤੀ ਗਈ ਅਤੇ ਇਕ ਗੁਰਮਤੇ ਰਾਹੀਂ ਮਹੰਤ ਨੂੰ ਕਿਹਾ ਗਿਆ ਕਿ ਉਹ ਆਪਣਾ ਤੇ ਗੁਰਦੁਆਰੇ ਦੇ ਪ੍ਰਬੰਧ ਦਾ ਸੁਧਾਰ ਕਰੇ । ਮਹੰਤ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਸੁਧਾਰ ਕਰਨ ਦੇ ਥਾਂ ਉਸ ਨੇ ਪੰਥ ਦਾ ਟਾਕਰਾ ਕਰਨ ਅਤੇ ਉਪੱਦਰ ਕਮਾਉਣ ਦੀ ਤਿਆਰੀ ਆਰੰਭ ਦਿੱਤੀ । ਆਸ-ਪਾਸ ਦੇ ਇਲਾਕੇ ਵਿੱਚੋਂ ਉਸ ਨੇ 400 ਗੁੰਡੇ ਮੰਗਵਾ ਕੇ ਗੁਰਦੁਆਰੇ ਉਦਾਲੇ ਪਹਿਰੇ ਲਗਵਾ ਦਿਤੇ । ਫੇਰ ਉਸ ਨੇ ਸਾਧਾਂ ਤੇ ਮਹੰਤਾਂ ਦਾ ਇਕ ਇਕੱਠ ਸੱਦਿਆ, ਜਿਸ ਵਿੱਚ ਸੁਧਾਰਕਾਂ ਦਾ ਟਾਕਰਾ ਕਰਨ ਦੀਆਂ ਵਿਉਂਤਾ ਤਿਆਰ ਕੀਤੀਆਂ ਗਈਆਂ ਅਤੇ 60,000 ਰੁਪਿਆ ਇਕੱਠਾ ਕੀਤਾ ਗਿਆ । ਨਾਲ ਹੀ ਮਹੰਤ ਹਥਿਆਰ ਇਕੱਠੇ ਕਰਨ ਲੱਗ ਪਿਆ । ਉਸ ਨੇ ਬਹੁਤ ਸਾਰੇ ਪੱਕੇ ਬਦਮਾਸ਼ ਵੀ ਨੌਕਰ ਰੱਖ ਲਏ ।

ਮਹੰਤ ਦੀਆਂ ਕੁਰੀਤੀਆਂ, ਕਾਰਵਾਈਆਂ ਤੇ ਤਿਆਰੀਆਂ ਵੇਖ ਕੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਆਪਣੇ 26 ਜਨਵਰੀ ਸੰਨ 1921 ਦੇ 'ਜਨਰਲ ਸਮਾਗਮ' ਵਿੱਚ ਗੁਰਮਤਾ ਪਾਸ ਕੀਤਾ ਕਿ 4-5 ਤੇ 6 ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿੱਚ ਸਾਰੇ ਪੰਥ ਦਾ ਬਹੁਤ ਭਾਰੀ ਦੀਵਾਨ ਕੀਤਾ ਜਾਵੇ, ਜਿਸ ਵਿੱਚ ਮਹੰਤ ਨੂੰ ਆਪਣੇ ਆਪ ਦਾ ਅਤੇ ਗੁਰਦੁਆਰਾ ਪ੍ਰਬੰਧ ਦਾ ਸੁਧਾਰ ਕਰਨ ਲਈ ਕਿਹਾ ਜਾਵੇ । ਉਸ ਸਮੇਂ ਪੁੱਜਣ ਵਾਲੇ ਲੱਖਾਂ ਸਿੱਖਾਂ ਵਾਸਤੇ ਲੰਗਰ ਆਦਿ ਦਾ ਪ੍ਰਬੰਧ ਕਰਨ ਲਈ ੬ ਫਰਵਰੀ ਨੂੰ ਇਕ ਕਮੇਟੀ ਬਣਾਈ ਗਈ । ਮਹੰਤ ਨੇ ਸੋਚਿਆ ਕਿ ਹੁਣ ਮੈਨੂੰ ਕੁਝ ਕਰਨਾ ਪਵੇਗਾ । ਉਸ ਨੇ ਫੌਜੀ ਤਿਆਰੀ ਆਰੰਭੀ । ਉਹ ਬੰਦੂਕਾਂ, ਦਾਰੂ-ਸਿੱਕਾ ਤੇ ਛਵੀਆਂ-ਗੰਡਾਸੇ ਇਕੱਠੇ ਕਰਨ ਲੱਗ ਪਿਆ । ਉਸ ਨੇ 28 ਪਠਾਣ ਨੌਕਰ ਰੱਖ ਲਏ ਅਤੇ ਕੁਝ ਮੁਸਲਮਾਨ ਆਲੇ-ਦੁਆਲਿਓ ਤੇ ਮਾਝੇ ਵਿੱਚੋਂ ਭਰਤੀ ਕੀਤੇ । ਗੁਰਦੁਆਰੇ ਦੇ ਦਰਵਾਜ਼ੇ ਲੋਹੇ ਦੇ ਲਾਏ ਗਏ ਅਤੇ ਉਨ੍ਹਾਂ ਵਿੱਚ ਦੀ ਗੋਲੀਆਂ ਚਲਾਉਣ ਲਈ ਮੋਰੀਆਂ ਕੀਤੀਆਂ ਗਈਆਂ, ਜਦ ਉਹ ਪੂਰੀ-ਪੂਰੀ ਤਿਆਰੀ ਕਰ ਬੈਠਾ ਤਾਂ ਉਸ ਨੇ ਆਪਣੇ ਅਖਬਾਰ 'ਸੰਤ ਸੇਵਕ' ਵਿੱਚ ਖੁਲ੍ਹੇ ਤੌਰ 'ਤੇ ਕਹਿ ਦਿੱਤਾ ਕਿ ਜੇ ਸਿੱਖ ਨਨਕਾਣੇ ਸਾਹਿਬ ਆਏ ਤਾਂ ਉਨ੍ਹਾਂ ਦੀ ਮਿੱਝ ਕੱਢ ਦਿੱਤੀ ਜਾਵੇਗੀ । ਮਹੰਤ ਨੇ 7 ਫਰਵਰੀ ਨੂੰ ਆਪਣੇ ਹਮਾਇਤੀਆਂ 'ਤੇ ਇਲਾਕੇ ਦੇ ਭੱਟੀ ਮੁਸਲਮਾਨਾਂ ਦਾ ਇਕੱਠ ਕੀਤਾ ਅਤੇ ਉਨ੍ਹਾਂ ਪਾਸੋਂ ਸਹੁੰਆਂ ਖੁਆ ਕੇ

ਇਕਰਾਰ ਲਿਆ ਕਿ ਅਸੀਂ ਮਹੰਤ ਦੀ ਖਾਤਰ ਅਕਾਲੀਆਂ ਨਾਲ ਡੱਟ ਕੇ ਲੜਾਂਗੇ । ਮੰਗਲ ਸਿੰਘ ਕੂਕੇ ਨੇ ਵੀ ਇਸ ਇਕੱਠ ਵਿੱਚ ਤਕਰੀਰ ਕੀਤੀ । ਫੇਰ 14 ਫਰਵਰੀ ਨੂੰ ਇਕ ਹੋਰ ਇਕੱਠ ਕਰ ਕੇ ਮਹੰਤ ਨੇ ਮਤਾ ਪਕਾਇਆ ਕਿ ਜਦ 5 ਮਾਰਚ ਨੂੰ ਸਾਰਾ ਪੰਥ ਨਨਕਾਣੇ ਸਾਹਿਬ ਜੁੜੇ, ਤਾਂ ਸਿੱਖ ਆਗੂਆਂ ਨੂੰ ਸਮਝੌਤੇ ਦਾ ਪੱਜ ਲਾ ਕੇ ਗੁਰਦੁਆਰੇ ਦੇ ਅੰਦਰ ਸੱਦਿਆ ਜਾਵੇ ਅਤੇ ਕਤਲ ਕਰ ਦਿੱਤਾ ਜਾਵੇ ।

ਸਾਰੇ ਪੰਥ ਵਿੱਚ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਨੂੰ ਸੁਧਾਰਨ ਲਈ ਜੋਸ਼ ਠਾਠਾਂ ਮਾਰ ਰਿਹਾ ਸੀ । ਜ਼ਿਲ੍ਹਾ ਸ਼ੇਖੂਪੁਰਾ ਤੇ ਲਾਇਲਪੁਰ ਵਿੱਚ ਦੀਵਾਨ ਕੀਤੇ ਗਏ । ਭਾਈ ਲਛਮਣ ਸਿੰਘ ਜੀ ਧਾਰੋਵਾਲੀ ਨੇ ਜਥਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ । 17 ਫਰਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦੁਆਰੇ ਵਿੱਚ ਮੁਖੀ ਸਿੰਘਾਂ ਦੀ ਇਕੱਤਰਤਾ ਹੋਈ, ਜਿਸ ਵਿੱਚ ਜਥਾ ਲਿਜਾਣ ਬਾਰੇ ਵਿਚਾਰ ਕੀਤੀ ਗਈ ।

ਭਾਈ ਲਛਮਣ ਸਿੰਘ ਜੀ ਧਾਰੋਵਾਲੀ ਅਤੇ ਭਾਈ ਕਰਤਾਰ ਸਿੰਘ 'ਝੱਬਰ' ਇਸ ਮਤਲਬ ਲਈ ਜਥੇ ਤਿਆਰ ਕਰ ਰਹੇ ਸਨ । ਜਦ ਉਨ੍ਹਾਂ ਨੂੰ ਮਹੰਤ ਦੀ 14 ਫਰਵਰੀ ਨੂੰ ਕੀਤੀ ਸਲਾਹ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਫੈਸਲਾ ਕੀਤਾ ਕਿ ਪੰਥਕ ਇਕੱਠ ਲਈ ਮਿਥੇ ਦਿਨ ਤੋਂ ਪਹਿਲਾਂ ਸ੍ਰੀ ਨਨਕਾਣਾ ਸਾਹਿਬ ਪਹੁੰਚਿਆ ਜਾਵੇ ਅਤੇ ਮਹੰਤ ਦਾ ਇਹ ਕਾਰਾ ਰੋਕਿਆ ਜਾਵੇ । ਫੈਸਲਾ ਇਹ ਹੋਇਆ ਕਿ ੧੯ ਫਰਵਰੀ ਦੀ ਸ਼ਾਮ ਨੂੰ ਦੋਵੇਂ ਜਥੇ ਸ੍ਰੀ ਨਨਕਾਣਾ ਸਾਹਿਬ ਤੋਂ ਕੁਝ ਮੀਲ ਦੂਰ ਪਿੰਡ ਚੰਦਰ ਕੋਟ ਪਹੁੰਚਣ ਅਤੇ ਅਗਲੇ ਦਿਨ ਸ੍ਰੀ ਨਨਕਾਣੇ ਸਾਹਿਬ ਜਾਣ ।

ਉਧਰੋਂ ੧੯ ਫਰਵਰੀ ਨੂੰ 'ਅਕਾਲੀ' ਅਖਬਾਰ ਲਾਹੌਰ ਦੇ ਦਫ਼ਤਰ ਵਿੱਚ ਸਿੱਖ ਮੁਖੀਆਂ ਦੀ ਇਕੱਤਰਤਾ ਹੋਈ, ਜਿਸ ਵਿੱਚ ਫੈਸਲਾ ਹੋਇਆ ਕਿ ਪੰਥਕ ਇਕੱਠ ਵਾਸਤੇ ਮਿਥੀ ਗਈ ਉੱਪਰ ਦੱਸੀ ਤਾਰੀਖ ਤੋਂ ਪਹਿਲਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਵੇ । ਭਾਈ ਕਰਤਾਰ ਸਿੰਘ 'ਝੱਬਰ' ਤੇ ਭਾਈ ਲਛਮਣ ਸਿੰਘ ਵੱਲ ਬੰਦੇ ਭਜਾਏ ਗਏ ਕਿ ਉਹ ਉਨ੍ਹਾਂ ਨੂੰ ਜਥੇ ਲਿਜਾਣੋਂ ਰੋਕਣ । ਜਿਹੜੇ ਬੰਦੇ ਭਾਈ ਕਰਤਾਰ ਸਿੰਘ 'ਝੱਬਰ' ਵੱਲ ਗਏ, ਉਹ ਤਾਂ ਉਸ ਨੂੰ ਖਰੇ ਸੌਦੇ ਜਾ ਮਿਲੇ ਅਤੇ ਚੋਖੀ ਬਹਿਸ ਕਰ ਕੇ ਉਨ੍ਹਾਂ ਦੇ ਜਥੇ ਨੂੰ ਜਾਣੋਂ ਰੋਕ ਲਿਆ । ਖਰੇ ਸੌਦੇ ਤੋਂ ਇਕ ਸੱਜਣ, ਸ: ਦਲੀਪ ਸਿੰਘ ਸ਼ਹੀਦ, ਦੋਂਹ ਸਾਥੀਆਂ ਸਮੇਤ ਚੰਦਰ ਕੋਟ ਪਹੁੰਚਿਆ, ਪਰ ਭਾਈ ਲਛਮਣ ਸਿੰਘ ਉਥੇ ਨਾ ਮਿਲਿਆ । ਸ: ਦਲੀਪ ਸਿੰਘ ਨਨਕਾਣਾ ਸਾਹਿਬ ਚਲਿਆ ਗਿਆ ।

ਭਾਈ ਲਛਮਣ ਸਿੰਘ ਜੀ 19 ਤਾਰੀਖ ਦੀ ਸ਼ਾਮ ਨੂੰ ਹਨੇਰੇ ਹੋਏ ਪਿੰਡੋਂ ਜਥਾ ਲੈ ਕੇ ਤੁਰ ਪਏ । ਉਨ੍ਹਾਂ ਦੇ ਨਾਲ 200 ਸਿੰਘ ਸਨ । ਉਹ 20 ਫਰਵਰੀ, ਸੰਨ 1921 ਨੂੰ ਸਵੇਰੇ ੬ ਵਜੇ ਸ੍ਰੀ ਨਨਕਾਣਾ ਸਾਹਿਬ ਪਹੁੰਚੇ । ਗੁਰਦੁਆਰੇ ਦੇ ਪਾਸ ਪਹੁੰਚੇ ਤਾਂ ਉਨ੍ਹਾਂ ਨੂੰ ਰੋਕਣ ਲਈ ਸ: ਦਲੀਪ ਸਿੰਘ ਦਾ ਭੇਜਿਆ ਬੰਦਾ ਮਿਲਿਆ । ਉਸ ਨੇ ਜਥੇ ਨੂੰ ਮੋੜਨ ਵਾਸਤੇ ਬੜਾ ਜ਼ੋਰ ਲਾਇਆ, ਪਰ ਉਨ੍ਹਾਂ ਨੇ ਉੱਤਰ ਦਿੱਤਾ ਕਿ ਅਸੀਂ ਅਰਦਾਸਾ ਸੋਧ ਕੇ ਆਏ ਹਾਂ, ਹੁਣ ਗੁਰਦੁਆਰੇ ਦੇ ਦਰਸ਼ਨ ਜ਼ਰੂਰ ਕਰਨੇ ਹਨ, ਪਿਛਾਂਹ ਨਹੀਂ ਮੁੜਨਾ । ਜਥਾ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਦਰਸ਼ਨਾਂ ਲਈ ਚਲਿਆ ਗਿਆ । ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬਹਿ ਗਏ ।

ਮਹੰਤ ਨਰਾਇਣ ਦਾਸ ਨੇ ਜਥੇ ਨੂੰ ਮਾਰ ਮੁਕਾਉਣ ਦੀ ਤਿਆਰੀ ਕੀਤੀ ਹੋਈ ਸੀ, ਮਿੱਟੀ ਦੇ ਤੇਲ ਦੇ ਪੀਪੇ, ਲੱਕੜਾਂ, ਛਵ੍ਹੀਆਂ, ਗੰਡਾਸੇ, ਬੰਦੂਕਾਂ ਤੇ ਕਾਰਤੂਸ ਚੋਖੇ ਮੰਗਵਾਏ ਹੋਏ ਸਨ ਅਤੇ ਬਹੁਤ ਸਾਰੇ ਗੁੰਡੇ ਬਦਮਾਸ਼ ਵੀ ਸੱਦੇ ਹੋਏ ਸਨ । ਜਦ ਜਥਾ ਜਨਮ ਅਸਥਾਨ ਦੇ ਅੰਦਰ ਦਾਖਲ ਹੋ ਗਿਆ ਤਾਂ ਬਾਹਰਲੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਅਤੇ ਜਥੇ ਉੱਪਰ ਗੋਲੀਆਂ ਦੀ ਬਰਖਾ ਕੀਤੀ ਗਈ । ਫੇਰ ਛਵ੍ਹੀਆਂ ਤੇ ਗੰਡਾਸਿਆਂ ਨਾਲ ਸਿੱਖਾਂ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ ਗਿਆ । ਭਾਈ ਲਛਮਣ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਿਆਂ ਨੂੰ ਹੀ ਸ਼ਹੀਦ ਕਰ ਦਿੱਤਾ ਗਿਆ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿੱਚ ਕਈ ਗੋਲੀਆਂ ਲੱਗੀਆਂ । ਕਈ ਸਿੰਘ ਜੀਉਂਦੇ ਹੀ ਤੇਲ ਪਾ ਕੇ ਸਾੜੇ ਗਏ ।

ਸਰਦਾਰ ਦਲੀਪ ਸਿੰਘ ਜੀ ਸ਼ਹੀਦ ਉਸ ਵੇਲੇ ਸ: ਉੱਤਮ ਸਿੰਘ ਦੇ ਕਾਰਖਾਨੇ ਵਿੱਚ ਸਨ । ਜਦ ਉਨ੍ਹਾਂ ਨੇ ਗੋਲੀਆਂ ਦੀ ਆਵਾਜ਼ ਸੁਣੀ, ਤਾਂ ਉਹ ਗੁਰਦੁਆਰੇ ਵੱਲ ਵਗ ਤੁਰੇ । ਜਦ ਉਹ ਗੁਰਦੁਆਰੇ ਦੇ ਨੇੜੇ ਪੁੱਜੇ, ਤਾਂ ਮਹੰਤ ਦੇ ਬੰਦਿਆਂ ਨੇ ਉਸ ਦੇ ਹੁਕਮ ਨਾਲ ਸਰਦਾਰ ਹੋਰਾਂ ਉੱਪਰ ਛਵ੍ਹੀਆਂ ਤੇ ਗੰਡਾਸਿਆਂ ਨਾਲ ਹੱਲਾ ਕੀਤਾ ਅਤੇ ਉਨ੍ਹਾਂ ਨੂੰ ਫੱਟੜ ਕਰ ਕੇ ਭਖਦੀ ਭੱਠੀ ਵਿੱਚ ਸੁੱਟ ਦਿੱਤਾ ।

ਇਸ ਖੂਨੀ ਸਾਕੇ ਤੋਂ ਅਗਲੇ ਦਿਨ, ੨੧ ਫਰਵਰੀ ਸੰਨ ੧੯੨੧ ਨੂੰ, ਮੁਖੀ ਸਿੱਖ ਅਤੇ ਅਨ-ਗਿਣਤ ਸਿੱਖ ਸੰਗਤਾਂ ਸ੍ਰੀ ਨਨਕਾਣੇ ਸਾਹਿਬ ਪੁੱਜ ਗਈਆਂ, ਉਸੇ ਦਿਨ ਸ਼ਾਮ ਨੂੰ ਸਰਕਾਰ ਨੇ ਗੁਰਦੁਆਰਾ ਜਨਮ ਅਸਥਾਨ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤੀਆਂ । ਇਸ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥ ਦੇ ਹੱਥ ਵਿੱਚ ਆ ਗਿਆ । ੨੩ ਫਰਵਰੀ ਨੂੰ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ । ਇਸ ਸਾਕੇ ਨੇ ਸਾਰੇ ਪੰਥ ਨੂੰ ਤੜਪਾ ਦਿੱਤਾ ਤੇ ਇਸ ਦੀ ਯਾਦ ਵਿੱਚ ਲੱਖਾਂ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਦੇ ਹੁਕਮ ਮੁਜਬ, ਕਾਲੇ ਦਸਤਾਰੇ ਸਜਾਏ ।

ਮਹੰਤ ਨਰਾਇਣ ਦਾਸ ਅਤੇ ਉਸ ਦੇ ਕੁਝ ਸਾਥੀਆਂ ਉੱਤੇ ਸਰਕਾਰ ਨੇ ਮੁਕੱਦਮਾ ਚਲਾਇਆ । ਸੈਸ਼ਨ ਜੱਜ ਨੇ ਮਹੰਤ ਤੇ ਉਸ ਦੇ ੭ ਸਾਥੀਆਂ ਨੂੰ ਫਾਂਸੀ ਦੀ, ਅੱਠਾਂ ਨੂੰ ਕਾਲੇ ਪਾਣੀ ਦੀ ਅਤੇ ੧੬ ਪਠਾਣਾਂ ਨੂੰ ੭-੭ ਸਾਲ ਦੀ ਕੈਦ ਦੀ ਸਜ਼ਾ ਦਾ ਹੁਕਮ ਦਿੱਤਾ । ਅਪੀਲ ਹੋਣ ਉੱਤੇ ਹਾਈ ਕੋਰਟ ਨੇ ਮਹੰਤ ਦੀ ਫਾਂਸੀ ਦੀ ਸਜ਼ਾ ਹਟਾ ਕੇ ਕਾਲੇ ਪਾਣੀ ਦੀ ਕਰ ਦਿੱਤੀ । ਉਸ ਦੇ ਕੇਵਲ ਤਿੰਨਾਂ ਸਾਥੀਆਂ ਦੀ ਫਾਂਸੀ ਸਜ਼ਾ ਕਾਇਮ ਰਹੀ ਅਤੇ ਅੱਠਾਂ ਵਿੱਚੋਂ ਕੇਵਲ ਦੋਂਹ ਦੀ ਕਾਲੇ ਪਾਣੀ ਦੀ ਸਜ਼ਾ ਕਾਇਮ ਰਹੀ । ਬਾਕੀ ਦੇ ਸਾਰੇ ਬਰੀ ਕਰ ਦਿੱਤੇ ਗਏ ।

ਕੁਝ ਚਿਰ ਮਗਰੋਂ ਸ੍ਰੀ ਨਨਕਾਣਾ ਸਾਹਿਬ ਦੇ ਮਾਲ ਜੀ ਸਾਹਿਬ, ਕਿਆਰਾ ਸਾਹਿਬ, ਬਾਲ ਲੀਲ੍ਹਾ ਸਾਹਿਬ ਆਦਿ ਗੁਰਦੁਆਰੇ ਵੀ ਪੰਥਕ ਪ੍ਰਬੰਧ ਹੇਠ ਆ ਗਏ । ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਸਰਕਾਰ ਨੇ ਸਿੱਖਾਂ ਨਾਲ ਹਮਦਰਦੀ ਪ੍ਰਗਟ ਕੀਤੀ, ਪਰ ਇਹ ਹਮਦਰਦੀ ਵਿਖਾਵੇ ਮਾਤਰ ਅਤੇ ਥੋੜ-ਚਿਰੀ ਨਿਕਲੀ । ਛੇਤੀ ਹੀ ਸਰਕਾਰ ਨੇ ਸੁਧਾਰਕ ਸਿੱਖਾਂ ਉੱਪਰ ਸਖਤੀ ਕਰਨੀ ਸ਼ੁਰੂ ਕਰ ਦਿੱਤੀ । ਚੋਖਿਆਂ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿੱਤੀ ਗਈ ।

ਧੰਨਵਾਦ ਸਹਿਤ :-
ਸਿੱਖ ਇਤਿਹਾਸ ਭਾਗ-੨
ਸ਼੍ਰੋ.ਗੁ.ਪ੍ਰ.ਕ.ਅੰਮ੍ਰਿਤਸਰ

## ਗਤੀਵਿਧੀਆਂ ਜਨਵਰੀ 2015 :-

**ਨਾਨਕਸ਼ਾਹੀ ਜੰਤਰੀ ਅਨੁਸਾਰ ਮਾਘ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-**

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਨਾਂਉਦੇ ਹੋਏ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਮਿਤੀ 12-1-2015 ਤੋਂ ਸ਼੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ ਜਿਸ ਦੇ ਭੋਗ 14-1-2015 ਨੂੰ ਸਵੇਰ ਦੇ ਸਮੇਂ ਪਾਏ ਗਏ।

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-1-2015 ਦਿਨ ਬੁੱਧਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ"ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥"ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਕਥਾ ਰਾਹੀਂ ਸੇਵਾ ਨਿਭਾਈ । ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ।

# ਕੀਰਤਨੀਏ ਦੇ ਗੁਣ

ਪ੍ਰੋ. ਜਸਵਿੰਦਰ ਸਿੰਘ

ਕੀਰਤਨੀਆ ਇਕ ਵਿਸ਼ੇਸ਼ ਪ੍ਰਕਾਰ ਦਾ ਗਾਇਕ ਹੈ । ਇਸ ਲਈ ਕੀਰਤਨੀਏ ਵਿਚ ਗਾਇਕ ਦੇ ਗੁਣ ਵਧੇਰੇ ਡੂੰਘੇ ਹੁੰਦੇ ਹਨ । ਜਿਸ ਨਾਲ ਭਗਤੀ ਰਸ ਨੂੰ ਕਾਇਮ ਰੱਖਣ ਵਿਚ ਮਦਦ ਮਿਲਦੀ ਹੈ । ਕੀਰਤਨ ਦਾ ਮੁੱਖ ਮੰਤਵ ਅਕਾਲ ਪੁਰਖ ਨਾਲ ਜੋੜਨਾ ਹੈ। ਇਸ ਲਈ ਕੀਰਤਨ ਵਿਚ ਵਧੇਰੇ ਲੈਅਕਾਰੀਆਂ ਤਾਨਾਂ ਅਲਾਪ ਦਾ ਪ੍ਰਯੋਗ ਨਹੀਂ ਹੁੰਦਾ, ਜਿਸ ਨਾਲ ਭਗਤੀ ਰਸ ਕਾਇਮ ਰਹਿ ਸਕੇ । ਗਾਇਕ ਦੇ ਗੁਣ ਅਤੇ ਦੋਸ਼ ਤੋਂ ਇਲਾਵਾ ਕੀਰਤਨ ਕਾਰ ਦੇ ਗੁਣ ਇਸ ਪ੍ਰਕਾਰ ਹਨ ।

੧ ਗੁਰਬਾਣੀ ਵਿਚ ਜਿਥੇ ਗੁਣਾਂ ਦੀ ਗੱਲ ਕੀਤੀ ਗਈ ਹੈ ਉੱਥੇ ਸੁਰੀਲੀ , ਮਿਠੀ ਆਵਾਜ਼ ਦਾ ਜ਼ਿਕਰ ਵੀ ਕੀਤਾ ਗਿਆ ਹੈ। " ਤੇਰਾ ਮੁਖ ਸੁਹਾਵਾ ਜੀਉ ਸਹਜਿ ਧੁਨਿ ਬਾਣੀ ॥ "

੨ ਚੰਗੇ ਕੀਰਤਨੀਏ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਰਾਗਾਂ ਤੋਂ ਇਲਾਵਾ ਹੋਰ ਰਾਗਾਂ ਦੀ ਵੀ ਜਾਣਕਾਰੀ ਹੋਵੇ , ਜਿਸ ਨਾਲ ਮਿਲਦੇ ਜੁਲਦੇ ਰਾਗਾਂ ਵਿਚ ਫਰਕ ਦਾ ਪਤਾ ਲੱਗ ਸਕੇ । ਜਿਸ ਨਾਲ ਉਸ ਦੀਆਂ ਰੀਤਾ ਵਿਚ ਵੰਨ ਸੁਵੰਨਤਾ ਗੰਭੀਰਤਾ ਅਤੇ ਮੌਲਿਕਤਾ ਦਾ ਗੁਣ ਆਉਂਦਾ ਹੈ ।

੩ ਚੰਗੇ ਕੀਰਤਨੀਏ ਨੂੰ ਤਾਲਾਂ ਅਤੇ ਲੈਅ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਅਤੇ ਪ੍ਰਚਲਿਤ ਅਪ੍ਰਚਲਿਤ ਤਾਲਾਂ ਅਤੇ ਪੜਤਾਲਾਂ ਦਾ ਗਿਆਨ ਹੋਵੇ ।

੪ ਕੀਰਤਨੀਏ ਨੂੰ ਕੀਰਤਨ ਸ਼ੈਲੀ ਦਾ ਪੂਰਾ ਗਿਆਨ ਹੋਵੇ । ਕਿਉਂਕਿ ਕੀਰਤਨ ਸ਼ੈਲੀ ਨਾ ਕੇਵਲ ਖਿਆਲ ਸ਼ੈਲੀ , ਨਾ ਧਰੁਪਦ ਸ਼ੈਲੀ , ਨਾ ਭਜਲ ਸ਼ੈਲੀ ਅਤੇ ਨਾ ਕੇਵਲ ਲੋਕ ਗਾਇਕੀ ਦੀ ਸ਼ੈਲੀ ਹੈ । ਸਗੋਂ ਕੀਰਤਨ ਸ਼ੈਲੀ ਇਨ੍ਹਾਂ ਸਾਰੀਆਂ ਸ਼ੈਲੀਆਂ ਦਾ ਸੁਮੇਲ ਹੈ । ਕੀਰਤਨੀਏ ਨੂੰ ਇਨ੍ਹਾਂ ਸਾਰੀਆਂ ਸ਼ੈਲੀਆਂ ਦਾ ਗਿਆਨ ਹੋਵੇ ਜਿਸ ਨਾਲ ਉਹ ਆਪਣੀ ਕੀਰਤਨ ਸ਼ੈਲੀ ਨੂੰ ਪ੍ਰਭਾਵਸ਼ਾਲੀ ਬਣਾ ਸਕਦਾ ਹੈ ।

੫ ਕੀਰਤਨੀਆ ਨਿਰਧਾਰਿਤ ਰਾਗਾਂ ਵਿਚ ਜਾਂ ਨਿਰਧਰਿਤ ਰਾਗ ਰੀਤਾਂ ਵਿਚ ਕੀਰਤਨ ਕਰਦਾ ਹੈ ਅਤੇ ਸਮੇਂ ਦੇ ਅਨੁਕੂਲ ਕਰਦਾ ਹੈ । ਜੇ ਕਿਸੇ ਬਾਹਰਲੇ ਰਾਗ ਵਿਚ ਕੀਰਤਨ ਕਰਦਾ ਹੋਵੇ ਤਾਂ ਉਨ੍ਹਾਂ ਸ਼ਬਦਾਂ ਦੀ ਚੋਣ ਕੀਤੀ ਜਾਵੇ ਜੋ ਰਾਗ ਰਹਿਤ ਹੋਣ ।

੬ ਕੀਰਤਨੀਆ ਵਿਸ਼ੇਸ਼ ਰੁਤਾਂ ਅਨੁਸਾਰ ਕੀਰਤਨ ਕਰਦਾ ਹੈ ।

੭ ਸ਼ਬਦ ਕੀਰਤਨ ਵੇਲੇ ਸ਼ਬਦ ਦੀ ਰਹਾਉ ਦੀ ਪੰਕਤੀ ਨੂੰ ਸਥਾਈ ਬਣਾ ਕੇ ਕੀਰਤਨ ਕਰੇ ਜਿਸ ਨਾਲ ਸ਼ਬਦ ਦਾ ਅੰਤ੍ਰਿਵ ਭਾਵ ਕਾਇਮ ਰਹਿ ਸਕੇ।

੮ ਕੀਰਤਨ ਕਰਨ ਵੇਲੇ ਕੀਰਤਨਕਾਰ ਗੁਰਬਾਣੀ ਦੇ ਸ਼ੁਧ ਉਚਾਰਨ ਵੱਲ ਵਿਸ਼ੇਸ਼ ਧਿਆਨ ਦਿੰਦਾ ਹੈ । ਇਸ ਲਈ ਚੰਗੇ ਅਭਿਆਸ ਨਾਲ ਇਸ ਨੂੰ ਵੀ ਠੀਕ ਕੀਤਾ ਜਾ ਸਕਦਾ ਹੈ ।

੯ ਸ਼ਬਦ ਉਚਾਰਨ ਵੇਲੇ ਠਹਿਰਾਓ ਦਾ ਧਿਆਨ ਰੱਖਣਾ ਅਤਿ ਜਰੂਰੀ ਹੈ । ਸ਼ਬਦ ਗਾਇਨ ਤੋਂ ਪਹਿਲਾ ਸ਼ਬਦ ਦੇ ਅਰਥ ਸ਼ਪੱਸ਼ਟ ਕਰ ਲੈਣ ਨਾਲ ਗਾਇਨ ਵਿਚ ਗਹਿਰਾਈ ਅਤੇ ਮਿਠਾਸ ਪੈਦਾ ਕਰਦਾ ਹੈ ।

੧੦ ਸ਼ਬਦ ਗਾਇਨ ਤੋਂ ਪਹਿਲਾ ਇਹ ਜਾਣ ਲੈਣਾ ਨਾਲ ਵੀ ਬਹੁਤ ਰੂਪ ਕਾਵਿ ਰੂਪ ਨਾਲ ਸੰਬੰਧ ਰੱਖਦਾ ਹੈ । ਗੁਰਬਾਣੀ ਵਿਚ ਬਹੁਤ ਸਾਰੇ ਕਾਵਿ ਰੂਪ ਹਨ । ਇਸ ਲਈ ਕਾਵਿ ਰੂਪ ਦਾ ਧਿਆਨ ਰੱਖਦੇ ਹੋਏ ਸ਼ਬਦ ਦੀ ਰੀਤ ਬਣਾਈ ਜਾਵੇ । ਉਚਾਰਨ ਕੀਤਾ ਜਾਵੇਂ ਤਾਂ ਜੋ ਸ਼ਬਦ ਦੇ ਅਰਥ ਸਪਸ਼ੱਟ ਹੋ ਜਾਣ ਕਿ ਸ਼ਬਦ ਵਿਚ ਕਿਸ ਵਿਸ਼ੇ ਉੱਤੇ ਗੱਲ ਚਲ ਰਹੀ ਹੈ

੧੧ ਸ਼ਬਦ ਨੂੰ ਦ੍ਰਿੜ੍ਹ ਕਰਾਉਣ ਅਤੇ ਅਰਥ ਸਪਸ਼ਟ ਕਰਾਉਣ ਲਈ ਸ਼ਬਦ ਦੇ ਨਾਲ ਢੁੱਕਵੇਂ ਪਰਮਾਣਾਂ ਦਾ ਦਾ ਉਚਾਰਨ ਕੀਤਾ ਜਾਵੇ ਤਾਂ ਜੋ ਸ਼ਬਦ ਦੇ ਅਰਥ ਸਪਸ਼ੱਟ ਹੋ ਜਾਣ ਕਿ ਸ਼ਬਦ ਵਿਚ ਕਿਸ ਵਿਸ਼ੇ ਉੱਤੇ ਗੱਲ ਚਲ ਰਹੀ ਹੈ ।

੧੨ ਕੀਰਤਨੀਆਂ ਜਿਸ ਸ਼ਬਦ ਦਾ ਗਾਇਨ ਕਰੇ ਉਸ ਸ਼ਬਦ ਦਾ ਭਾਵ ਉਸਨੂੰ ਖੁਦ ਪਤਾ ਹੋਵੇ ।

੧੩ ਕੀਰਤਨੀਆਂ ਲਾਲਚ ਅਧੀਨ ਕੀਰਤਨ ਨਹੀਂ ਕਰਦਾ ।

੧੪ ਕੀਰਤਨੀਆਂ ਜੁਬਾਨ ਦਾ ਪੱਕਾ ਹੁੰਦਾ ਹੈ ।

੧੫ ਕੀਰਤਨੀਆਂ ਆਪਣੇ ਗੁਣ ਲਈ ਹੰਕਾਰ ਨਹੀਂ ਕਰਦਾ ।

੧੬ ਉਹ ਆਪਣੇ ਗਿਆਨ ਦਾ ਵਿਖਾਵਾ ਨਹੀਂ ਕਰਦਾ ।

੧੭ ਕੀਰਤਨੀਏ ਦਾ ਪਹਿਰਾਵਾ ਸਾਫ ਸੁਥਰਾ ਅਤੇ ਸਾਦਾ ਹੁੰਦਾ ਹੈ ।

੧੮ ਉਹ ਸਹਿਜਤਾ ਨਾਲ ਕੀਰਤਨ ਕਰਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਅਗਵਾਈ ਲੈਂਦਾ ਹੈ ।

# ਰਾਗ ਰਾਮਕਲੀ

ਪ੍ਰੋ. ਜਸਵਿੰਦਰ ਸਿੰਘ
98141-85854

ਰਾਗ - ਰਾਮਕਲੀ ਥਾਟ - ਭੈਰਉ
ਸੁਰ - ਰਿਸ਼ਭ ਧੈਵਤ ਕੋਮਲ, ਦੋਵੇਂ ਮਧਿਅਮ, ਦੋਵੇਂ ਨਿਸ਼ਾਦ ਬਾਕੀ ਸ਼ੁਧ ਵਰਜਿਤ ਸੁਰ -ਆਰੋਹ ਵਿਚ ਰਿਸ਼ਭ
ਜਾਤੀ - ਸ਼ਾੜਵ- ਸੰਪੂਰਨ ਵਾਦੀ -ਪੰਚਮ ਸੰਵਾਦੀ-ਸੜਜ ਸਮਾਂ-ਦਿਨ ਦਾ ਪਹਿਲਾ ਪਹਿਰ ।
ਆਰੋਹ ਸ, ਗ ਮ ਪ, ਧੁ ਨੀ ਸਂ ।
ਅਵਰੋਹ ਸਂ ਨੀ ਧੁ ਪ, ਮੇ ਪ, ਧੁ ਨੀ੍ ਧੁ ਪ, ਗ ਮ ਰੇੁ ਸ ।
ਪਕੜ ਪ, ਮੇ ਪ ਧੁ ਨੀ ਧ ਪ, ਮ ਪ ਗ ਮ ਰੇ ਸ ।

## ਰਾਗ ਰਾਮਕਲੀ - ਮੱਤ ਤਾਲ ਮੱਧ ਲੈਅ

| ਤਾਲ | 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|---|
| ਚਿੰਨ੍ਹ | x | | 2 | | | 2 | | | |
| ਸਥਾਈ | ਗਮ | ਧੁ | ਪ | ਮੇ | ਪ | ਮ | ਗਮ | ਰੇੁ | ਸ |
| | ਰਾs | ਜਾ | ਰਾ | s | ਮ | ਕੀ | ਸਰ | ਣਾ | ਈ |
| | .ਧੁ.ਧੁ | .ਨੀ.ਨੀ | ਸ | ਰੇੁ | ਸ | ਮਗ | ਪਮ | ਧੁ | ਪਪ |
| | ਨਿਰ | ਭਉ | ਭ | ਏ | ਗੋ | ਬਿੰਦ | ਗੁਨ | ਗਾ | ਵਤ |
| ਅੰਤਰਾ | ਧੁਨੀ | ਸਂ | ਮੇਪ | ਧੁਨੀ | ਧੁਪ | ਗ | ਮਗ | ਰੇੁ | ਸ |
| | ਸਾs | ਧ | ਸੰs | ਗs | ss | ਦੁ | ਖs | ਜਾ | ਇ |
| | ਮ | ਪ | ਧੁ | ਧੁ | ਨੀ | ਸਂ | ਸਂਸਂ | ਰੇੁਂ | ਸਂ |
| | ਜਾ | ਕੈ | ਰਾ | ਮ | ਬ | ਸੈ | ਮਨ | ਮਾ | ਹੀ |
| | ਨੀ | ਸਂਸਂ | ਨੀਸਂ | ਧੁ | ਪ | ਪਧੁ | ਮੇਪ | ਮਗ | ਰੇੁਸ |
| | ਸੋ | ਜਨ | ਦੁs | ਤ | ਰ | ਪੇs | ਖਤ | ਨਾs | ਹੀs |

ਪੰਨਾ ੮੯੯ ॥ ਰਾਮਕਲੀ ਮਹਲਾ ੫ ॥ ਰਾਜਾ ਰਾਮ ਕੀ ਸਰਣਾਇ ॥ ਨਿਰਭਉ ਭਏ ਗੋਬਿੰਦ ਗੁਨ ਗਾਵਤ ਸਾਧਸੰਗਿ ਦੁਖੁ ਜਾਇ ॥੧॥ ਰਹਾਉ ॥ ਜਾ ਕੈ ਰਾਮੁ ਬਸੈ ਮਨ ਮਾਹੀ ॥ ਸੋ ਜਨੁ ਦੁਤਰੁ ਪੇਖਤ ਨਾਹੀ ॥ ਸਗਲੇ ਕਾਜ ਸਵਾਰੇ ਅਪਨੇ ॥ ਹਰਿ ਹਰਿ ਨਾਮੁ ਰਸਨ ਨਿਤ ਜਪਨੇ ॥੧॥ ਜਿਸ ਕੈ ਮਸਤਕਿ ਹਾਥੁ ਗੁਰੁ ਧਰੈ ॥ ਸੋ ਦਾਸੁ ਅਦੇਸਾ ਕਾਹੇ ਕਰੈ ॥ ਜਨਮ ਮਰਣ ਕੀ ਚੂਕੀ ਕਾਣਿ ॥ ਪੂਰੈ ਗੁਰ ਊਪਰਿ ਕੁਰਬਾਣ ॥੨॥ ਗੁਰੁ ਪਰਮੇਸਰੁ ਭੇਟਿ ਨਿਹਾਲ ॥ ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ ॥ ਪਾਰਬ੍ਰਹਮੁ ਜਿਸੁ ਕਿਰਪਾ ਕਰੈ ॥ ਸਾਧਸੰਗਿ ਸੋ ਭਵਜਲੁ ਤਰੈ ॥੩॥ ਅੰਮ੍ਰਿਤੁ ਪੀਵਹੁ ਸਾਧ ਪਿਆਰੇ ॥ ਮੁਖ ਊਜਲ ਸਾਚੈ ਦਰਬਾਰੇ ॥ ਅਨਦ ਕਰਹੁ ਤਜਿ ਸਗਲ ਬਿਕਾਰ ॥ ਨਾਨਕ ਹਰਿ ਜਪਿ ਉਤਰਹੁ ਪਾਰਿ ॥੪॥੪੨॥੫੩॥

ਅਰਥ:- ਹੇ ਭਾਈ! ਜਿਹੜੇ ਮਨੁੱਖ ਪ੍ਰਕਾਸ਼-ਸਰੂਪ ਪਰਮਾਤਮਾ ਦਾ ਆਸਰਾ ਲੈਂਦੇ ਹਨ, ਪਰਮਾਤਮਾ ਦੇ ਗੁਣ ਗਾਂਦਿਆਂ ਗਾਂਦਿਆਂ ਉਹ ਦੁਨੀਆ ਦੇ ਡਰਾਂ ਤੋਂ ਮੁਕਤ ਹੋ ਜਾਂਦੇ ਹਨ; ਗੁਰੂ ਦੀ ਸੰਗਤਿ ਵਿਚ ਰਹਿ ਕੇ ਉਹਨਾਂ ਦਾ (ਹਰੇਕ) ਦੁੱਖ ਦੂਰ ਹੋ ਜਾਂਦਾ ਹੈ ।੧। ਰਹਾਉ। ਹੇ ਭਾਈ! ਜਿਸ ਮਨੁੱਖ ਦੇ ਮਨ ਵਿਚ ਪਰਮਾਤਮਾ (ਦਾ ਨਾਮ) ਆ ਵੱਸਦਾ ਹੈ, ਉਹ ਮਨੁੱਖ ਔਖਿਆਈ ਨਾਲ ਤਰੇ ਜਾਣ ਵਾਲੇ ਇਸ ਸੰਸਾਰ-ਸਮੁੰਦਰ ਨੂੰ ਵੇਖਦਾ ਭੀ ਨਹੀਂ (ਉਸ ਦੇ ਰਸਤੇ ਵਿਚ) ਇਹ ਕੋਈ ਰੁਕਾਵਟ ਨਹੀਂ ਪਾਂਦਾ । ਪਰਮਾਤਮਾ ਦਾ ਨਾਮ (ਆਪਣੀ) ਜੀਭ ਨਾਲ ਨਿੱਤ ਜਪ ਜਪ ਕੇ ਉਹ ਮਨੁੱਖ ਆਪਣੇ ਸਾਰੇ ਕੰਮ ਸਿਰੇ ਚਾੜ੍ਹ ਲੈਂਦਾ ਹੈ ।੧। ਹੇ ਭਾਈ! ਇਸ ਮਨੁੱਖ ਦੇ ਮੱਥੇ ਉਤੇ ਗੁਰੂ (ਆਪਣਾ) ਹੱਥ ਰੱਖਦਾ ਹੈ, (ਪ੍ਰਭੂ ਦਾ ਉਹ) ਸੇਵਕ ਕਿਸੇ ਤਰ੍ਹਾਂ ਦਾ ਭੀ ਕੋਈ ਚਿੰਤਾ-ਫ਼ਿਕਰ ਨਹੀਂ ਕਰਦਾ । ਉਹ ਮਨੁੱਖ ਪੂਰੇ ਗੁਰੂ ਉਤੋਂ ਸਦਾ ਸਦਕੇ ਜਾਂਦਾ ਹੈ (ਆਪਣਾ ਆਪਾ ਵਾਰਦਾ ਰਹਿੰਦਾ ਹੈ, ਇਸ ਤਰ੍ਹਾਂ) ਉਸ ਦਾ ਜਨਮ ਮਰਨ ਦੇ ਗੇੜ ਦਾ ਡਰ ਮੁੱਕ ਜਾਂਦਾ ਹੈ ।੨। ਹੇ ਭਾਈ! ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਪਰਮੇਸਰ ਮਿਲ ਪੈਂਦਾ ਹੈ, ਉਹ ਸਦਾ ਖਿੜਿਆ ਰਹਿੰਦਾ ਹੈ । (ਪਰ ਗੁਰੂ ਦਾ ਪਰਮੇਸਰ ਦਾ) ਦਰਸਨ ਉਹੀ ਮਨੁੱਖ ਪ੍ਰਾਪਤ ਕਰਦਾ ਹੈ, ਜਿਸ ਉਤੇ ਪ੍ਰਭੂ ਆਪ ਦਇਆਵਾਨ ਹੁੰਦਾ ਹੈ । ਜਿਸ ਮਨੁੱਖ ਉਤੇ ਪਰਮਾਤਮਾ ਮਿਹਰ ਕਰਦਾ ਹੈ, ਉਹ ਮਨੁੱਖ ਗੁਰੂ ਦੀ ਸੰਗਤਿ ਵਿਚ (ਰਹਿ ਕੇ) ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ।੩। ਹੇ ਪਿਆਰੇ ਸੰਤ ਜਨੋ! (ਤੁਸੀ ਭੀ) ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀਂਦੇ ਰਹੋ, ਸਦਾ-ਥਿਰ ਪ੍ਰਭੂ ਦੇ ਦਰਬਾਰ ਵਿਚ ਤੁਹਾਡੇ ਮੂੰਹ ਉਜਲੇ ਹੋਣਗੇ (ਤੁਹਾਨੂੰ ਉਥੇ ਆਦਰ-ਸਤਕਾਰ ਮਿਲੇਗਾ) । ਹੇ ਨਾਨਕ! (ਆਖ— ਹੇ ਸੰਤ ਜਨੋ!) ਸਾਰੇ ਵਿਚਾਰ ਛੱਡ ਕੇ ਆਤਮਕ ਆਨੰਦ ਮਾਣਦੇ ਰਹੋ, ਪਰਮਾਤਮਾ ਦਾ ਨਾਮ ਜਪ ਕੇ ਤੁਸੀ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਉਗੇ ।੪।੪੨।੫੩।

# ਫਰਵਰੀ ਮਹੀਨੇ ਦੇ ਸਮਾਗਮ

**ਨਾਨਕਸ਼ਾਹੀ ਜੰਤਰੀ ਅਨੁਸਾਰ ਫੱਗਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-**

ਮਿਤੀ 13-02-2015 ਦਿਨ ਸ਼ੁੱਕਰਵਾਰ ਨੂੰ ਸ਼ਾਮ 6.00 ਤੋਂ 9.00 ਤੱਕ **"ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ"** ।। ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਅਯੋਜਿਤ ਕੀਤਾ ਜਾਵੇਗਾ। ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

## ਧੰਨਵਾਦ :

## ਜਨਵਰੀ 2015 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. D.P Singh #393/Phase 9/Mohali 11,000/-
2. All Indian Sikh Federation(Regd.) D-9 Green Park Extn. New Delhi 21,000/-
3. All Indian Sikh Federation(Regd.) D-9 Green Park Extn. New Delhi 18,825/-
4. S. Mohinder Pal Singh Bhatia & Bibi Rajinder Kaur 2500/-
5. S. Narinder Bir Singh #1444/Sec 34C/Chd 1000/-
6. Bibi Surjit Kaur #1444/Sec 34C/Chd 1000/-
7. S. Parkash Singh Sec. 45C/Chd 1500/-
8. S. Mohinder Singh Kahlon #304/Phase 4/Mohali 2500/-
9. S. Parminder Singh Sec. 115/Kharar 2100/-
10. S. Dhanwant Singh #447/Phase 4/Mohali 500/-
11. Ved Parkash Phase 3B-1/Mohali 500/-
12. S. Deep Singh #2978/Phase 7/Mohali 500/-
13. Bibi Manmohan Kaur Sec. 40/Chd 10,000/-
14. Bibi Baljit Kaur Urban Estate Patiala 2000/-
15. Bibi Surinderjit Kaur Mundi Kharar 100/-
16. Dr. Satwant Singh Aastha Enclave Kharar 100/-
17. Rakhshpal Singh / Mundi Kharar 100/-
18. Satkar Properties / Mundi Kharar 500/-
19. Bibi Dalwir Kaur / Mundi Kharar 100/-
20. S. Lakhwinder Singh / Mundi Kharar 100/
21. S. Mohinder Singh Sudan #1286/Sec.33-C/Chd 500/-
22. Bibi Daljit Kaur Oberoi #278/Sec. 33A/Chd 2000/-
23. S. Charan Singh Khuman #1390/Sec. 33C/Chd 15000/-
24. Col. H.S Uppal #306/Sec 33A/Chd 20,000/-
25. Capt. A.S. Khuman Maker Tower Cuff Parade/Bombay 30,000/-
26. Bibi. Rajleen Kaur Phase II/Mohali 500/-
27. Bibi. Harleen Kaur #107G, Naya Goan, Mohali 500/-
28. Bibi. Harpreet Kaur #461/Sec. 44A/Chd. 500/-
29. S. D.S. Gujral # 169/2/Sec. 45A/Chd. 200/-
30. Dr. Saranjit Singh #2817/Ph7/Mohali 2000/-
31. S. Gurbachan Singh Makan # 1585/Sec. 34D/Chd. 11,000/-
32. Miss Pavneet Chawla #1082/Sec. 43B/Chd 1000/-
33. S. Mohinder Pal Singh Sehal # 3253/Sec. 44D/Chd 600/-
34. S. Paramjit Singh #256/1Sec. 45A /Chd 200/-
35. S. Gursharan Singh Sec. 45A/Chd 200/-
36. Bibi Kuldeep Kaur Sec.22B/Chd 500/-
37. S. Ravinder Singh #1226 /Sec. 42B/Chd 100/-
38. S. Harbinder Singh Sec. 33A/Chd 600/-
39. Bibi Mita Bakshi Phase 5/Mohali 100/-
40. S. Rajinder Pal Singh # 371/Phase 2/Mohali 200/-
41. S. Ravinder Singh Sec 42B/Chd 200/-
42. Bibi Harbans Kaur #1443/Sec34C/Chd 400/-
43. S. Paramjit Singh #90 /Sec. 33A/Chd 600/-
44. Bibi Harsharan Kaur #1440/Sec.34C/Chd 500/-
45. S.Devinder Singh Sec. 33D /Mohali 400/-

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਜਨਵਰੀ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| Sr. No. | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 92 | 122 | 214 |
| 2 | Eye | 17 | 9 | 26 |
| 3 | Cardiology | 11 | 35 | 46 |
| 4 | Dental | 17 | 32 | 49 |
| 5 | Gynaecology | 13 | 17 | 30 |
| 6 | Homoeopathy | 20 | 149 | 169 |
| | **Total** | **170** | **364** | **534** |
| | Laboratory | 45 | - | 45 |

ੴ ਵਾਹਿਗੁਰੂ ਜੀ ਕੀ ਫ਼ਤਹਿ

ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਪਾਠ ਬੋਧ ਸਮਾਗਮ

**ਬਾਣੀਆਂ :** ਜਪੁ, ਸੋ ਦਰੁ ਰਹਿਰਾਸ ਸਾਹਿਬ ॥

**ਮਿਤੀ**
ਮਿਤੀ 9-2-2015 (ਸੋਮਵਾਰ)
ਤੋਂ ਮਿਤੀ 15-2-2015 (ਐਤਵਾਰ)

**ਸਥਾਨ**
ਗੁਰਦੁਆਰਾ ਸ੍ਰੀ ਸਾਹਿਬਵਾੜਾ,
ਫੇਜ਼-5, ਅਜੀਤ ਸਿੰਘ ਨਗਰ

**ਸਮਾਂ**
ਰੋਜ਼ਾਨਾ ਸ਼ਾਮ 7-00 ਵਜੇ
ਤੋਂ 8-15 ਵਜੇ ਤੱਕ

**ਪਾਠ ਬੋਧ ਦੀ ਸੇਵਾ**

ਗਿਆਨੀ ਰਣਜੀਤ ਸਿੰਘ ਜੀ ਚੰਡੀਗੜ੍ਹ ਵਾਲੇ, ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ, ਖਰੜ ਵਾਲੇ ਨਿਭਾਉਣਗੇ।

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹਾਜ਼ਰੀਆਂ ਭਰਕੇ ਲਾਹੇ ਲੈਣ ਦੀ ਕ੍ਰਿਪਾ ਕਰੋ ਜੀ ।

ਲੋੜ ਅਨੁਸਾਰ ਪ੍ਰੋਗਰਾਮ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ। ਸਮਾਪਤੀ ਉਪਰੰਤ ਰੋਜ਼ਾਨਾ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

ਦਾਸਰੇ : ਪ੍ਰਬੰਧਕ ਗੁਰਦੁਆਰਾ ਸ੍ਰੀ ਸਾਹਿਬਵਾੜਾ (ਪਾ: ਨੌਂਵੀ) ਫੇਜ਼-5, ਐਸ.ਏ.ਐਸ. ਨਗਰ (ਮੋਹਾਲੀ) ਫੋਨ : 0172-5091455

ਸਹਿਯੋਗਤੀ : ਗੁਰਮਤਿ ਪ੍ਰਚਾਰ ਸੇਵਾ ਸੋਸਾਇਟੀ (ਰਜਿ.), ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ, ਮੁੰਡੀ ਖਰੜ, ਫੋਨ : 0160-5009844

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।